ਪਰਦੇਸ ਬਾਰੇ ਲਿਖੀ ਚੋਣਵੀਂ ਕਵਿਤਾ ਅਮਰਜੀਤ ਚੰਦਨ

ਪਰਦੇਸੀ ਢੋਲਾ



ਪਰਦੇਸੀ ਢੋਲਾ

ਕਵੀ ਬਾਰੇ

ਅਮਰਜੀਤ ਚੰਦਨ (ਜਨਮ 1946) ਸੰਨ 1980 ਤੋਂ ਲੰਡਨ ਰਹਿੰਦਾ ਹੈ। ਇਹਦੀਆਂ ਲਿਖਤਾਂ ਭਾਰਤੀ ਬੋਲੀਆਂ ਤੇ ਅੰਗਰੇਜ਼ੀ, ਅਰਬੀ, ਫ਼ਰਾਂਸੀਸੀ, ਇਤਾਲਵੀ, ਸਪੇਨੀ, ਤੁਰਕੀ, ਯੂਨਾਨੀ, ਰੁਮਾਨੀਅਨ ਵਿਚ ਛਪ ਚੁੱਕੀਆਂ ਹਨ

ਅਮਰਜੀਤ ਚੰਦਨ ਦੀਆਂ ਛਪੀਆਂ ਹੋਰ ਕਿਤਾਬਾਂ

ਕੌਣ ਨਹੀਂ ਚਾਹੇਗਾ (1975) ਕਵਿਤਾਵਾਂ
ਕਵਿਤਾਵਾਂ (1985)
ਫੈਲਸੂਫੀਆਂ (1991, 2001) ਲੇਖ
Being Here (1993, 1997, 2005) Poems
ਜੜ੍ਹਾਂ (1995, 1999, 2005) ਕਵਿਤਾਵਾਂ
ਬੀਜਕ (1996) ਕਵਿਤਾਵਾਂ
ਨਿ।ਸ਼ਾ।ਨੀ (1997) ਲੇਖ
॥ਛੰਨਾ॥ (1998) ਕਵਿਤਾਵਾਂ
ਗੁੱਥਲੀ (1999) ਇਕੋਤਰ ਸੌ ਚੋਣਵੀਆਂ ਕਵਿਤਾਵਾਂ (ਲਹੌਰ ਛਪੀ)
ਗੁੜ੍ਹਤੀ (2000) ਕਵਿਤਾਵਾਂ
ਅਨਾਰਾਂ ਵਾਲ਼ਾ ਵਿਹੜਾ (2002) ਚੁਰਾਸੀ ਚੋਣਵੀਆਂ ਕਵਿਤਾਵਾਂ (ਲਹੌਰ ਛਪੀ)
ਅੰਨਜਲ (2006) ਕਵਿਤਾਵਾਂ
ਨੁਕ਼ਤਾ (2007) ਚੋਣਵੇਂ ਲੇਖ (ਲਹੌਰ ਛਪੀ)
ਪੋਟਲੀ (2009) ਚੋਣਵੇਂ ਲੇਖ
ਪੈਂਤੀ (2009) ਚੋਣਵੀਂ ਕਵਿਤਾ
ਲਿਖਤਮ ਪੜ੍ਹਤਮ (2009) ਚੋਣਵੇਂ ਲੇਖ (ਲਹੌਰ ਛਪੀ)
Sonata for Four Hands (2010) Poems
ਪ੍ਰੇਮ ਕਵਿਤਾਵਾਂ (2011) ਚੋਣਵੀਂ ਕਵਿਤਾ
ਲਿਖਤ ਪੜ੍ਹਤ (2013) ਲੇਖ

Website : http://amarjitchandan.com

ਪਰਦੇਸੀ ਢੋਲਾ

ਪਰਦੇਸ ਬਾਰੇ ਲਿਖੀ ਚੋਣਵੀਂ ਕਵਿਤਾ

ਅਮਰਜੀਤ ਚੰਦਨ

ਨਵਯੁਗ

Selected Poems in Punjabi
by Amarjit Chandan

Navyug Publishers
K24 Hauz Khas New Delhi 110016
http://navyug.publishers.tripod.com

The moral rights of the author have been asserted

© ਅਮਰਜੀਤ ਚੰਦਨ: 2013

ISBN 978-81-7599-000-0

ਸਰਵਰਕ ਦੀ ਤਸਵੀਰ ਤੇ ਵਿਉਂਤ: ਗੁਰਵਿੰਦਰ ਸਿੰਘ

ਕਵੀ ਦੀ ਮੂਰਤ: ਸੁਕਾਂਤ ਚੰਦਨ, 1983

ਧਨੀ ਰਾਮ ਚਾਤ੍ਰਿਕ ਫ਼ੌਂਟ ਚ ਅੱਖਰ ਕਰਤੇ ਨੇ ਆਪ ਬੀੜੇ

ਲੇ-ਆਊਟ: ਜਨਤਕ ਪ੍ਰੈੱਸ
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ-110006
E-mail : jantakpress@yahoo.com

ਛਾਪਕ: ਵਿਮਲ ਆਫਸੈੱਟ
ਨਵੀਨ ਸ਼ਾਹਦਰਾ, ਦਿੱਲੀ-110032

ਭੇਟਾ 100 ਰੁਪੱਈਏ

ਗੁਰਿੰਦਰ ਸਿੰਘ ਮਾਨ ਨਿਮਿਤ

ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸ ਦਿਖਾਵਹਿ॥ਮਹਲਾ॥੩॥

ਧਿਆਨ

ਜੌਂਨ ਬਰਜਰ ਦੀ ਕਵਿਤਾ ਦਾ ਪੰਜਾਬੀ ਉਲੱਥਾ ਮੈਂ ਕਵੀ ਕੋਲ਼ੋਂ ਪੁੱਛ ਕੇ ਇਸ ਕਿਤਾਬ ਚ ਪਾਇਆ ਹੈ। ਰਾਜਬਾਲਾ ਕਿਰਨਜੀਤ ਸਿੰਘ ਸੇਖੋਂ, ਕੁਲਦੀਪ ਸਿੰਘ ਹੰਸਰਾ ਤੇ ਗੁਰਵਿੰਦਰ ਸਿੰਘ ਇਸ ਕਿਤਾਬ ਦੇ ਬਣਨ ਚ ਸਹਾਈ ਹੋਏ। ਮੈਂ ਇਨ੍ਹਾਂ ਸਭਨਾਂ ਦਾ ਦੇਣਦਾਰ ਹਾਂ। ਭਲਾ ਹੋਵੇ।

- ਅਮਰਜੀਤ ਚੰਦਨ

ਚਿਣਾਈ

ਨਵਤੇਜ ਭਾਰਤੀ ਦੀ ਲਿਖੀ ਆਦਿਕਾ 9
ਅਗਿਆਤ ਆਵਾਸੀ ਦਾ ਸਮਾਰਕ 13
ਲਾਲ 15
ਪਰਦੇਸੀਆਂ ਦਾ ਗੀਤ 17
ਜਹਾਜ਼ ਦਾ ਘੁੱਗੂ 18
ਘਰ 19
ਲੰਦਨ ਪਾਰਕ ਦਾ ਮੋਰ 20
ਤੱਕਣੀ 21
ਇਸ ਮੁਲਕ ਵਿਚ 22
ਵੀਕਐਂਡ ਸਫ਼ਰ 24
ਆਈਲ ਔਵ ਵ੍ਹਾਈਟ ਦੀ ਸਵੇਰ 25
ਮੋਟਰਵੇਅ 26
ਅਮੀਨ ਮੁਗ਼ਲ 27
ਜੰਮਣ-ਭੋਂ 28
ਬੂਹਾ 29
ਰੇਲਗੱਡੀ ਦੇ ਮੁਸਾਫ਼ਿਰ 30
ਲਸਣ 32
ਖੇਡ 33
...ਬੌਹੁਤ ਦਿਨਾਂ ਬਾਅਦ 34
ਅੱਜ ਦੇ ਦਿਨ ਦਾ ਲੇਖਾ 35
ਕਲਾਮ ਵਲੈਤੀ ਮੁੰਡੇ ਦਾ ਅਪਣੇ ਬਾਪ ਨਾ.ਲ 36
ਲੰਦਨ ਦੀ ਅੱਖ 40
ਸਟੌਕਹੋਮ ਤੋਂ ਪਿਕਚਰ ਕਾਰਡ 41

...ਨੀਲੀ ਨੀਲੀ ਭਾ ਮਾਰਦੀ ਬਰਫ਼ 42
...ਕਿਵੇਂ ਮਿਲੇਗੀ ਮੁਕਤੀ 43
ਨਹੀਂ ਇਹ ਯਾਦ ਨਹੀਂ ਹੈ ਕੋਈ 44
ਵੀਡੀਓ ਗੇਮ 46
ਪੰਜ ਮਿੰਟ ਦੀ ਫ਼ਿਲਮ ਦੀ ਕਹਾਣੀ 48
ਇਹ ਥਾਂ 49
ਇਥੇ 50
ਨੈਰੋਬੀ 1992 51
ਸਫ਼ਰ 52
ਈਸਟਰ ਵੀਕਐਂਡ ਸਫ਼ਰ 53
ਅਪ੍ਰੈਲ ਮਹੀਨੇ ਦੀ ਸ਼ਾਮ 54
੨੫ ਪੋਹ ਸੰਮਤ ੨੦੫੬ ਦੇ ਢਲ਼ਦੇ ਸੂਰਜ ਨਾਲ਼ ਗੱਲਾਂ 55
ਬੋਰਨਮਥ ਸਮੁੰਦਰ ਕੰਢੇ 56
ਸਮੁੰਦਰ ਕੰਢੇ ਮਾਘੀ ਸੰਨ 2001 ਈਸਵੀ 57
ਬਿੱਕਰ 59
ਬਾਰਸੇਲੋਨਾ ਮੈਟਰੋ ਵਿਚ ਹਮਵਤਨ 60
ਪਰਦੇਸੀਆਂ ਦੀ ਦੀਵਾਲ਼ੀ 62
ਫ਼ੰਕੀ ਕੋਲ੍ਡ ਪਸੀਨਾ 63
ਸ਼ਾਇਰਾਂ ਦਾ ਸਫ਼ਰਨਾਮਾ 64
ਆਸੋਸ, ਤੁਰਕੀ 66
ਘਰ ਆਇਆ ਪਰਦੇਸੀ 67
ਪਹਿਲੀ ਜਨਵਰੀ ਸੰਨ 2000 ਈਸਵੀ 68
ਗੁਣਾਚੌਰ 69
ਕਾਲ ਦਾ ਅਭਿਆਸ 70
ਯਾਦਾਂ ਦੀ ਨਕਸ਼ਾਨਵੀਸੀ 71
ਅੰਤਿਕਾ 72
ਪਰਦੇਸੀ ਬੋਲ 73
ਹਾਂ, ਨਹੀਂ ਹਾਂ 74
Inhabiting two planets 76
London my poetic muse 80

ਆਦਿਕਾ

ਦੇਖ ਮਨਾਂ, ਇਹ ਥਾਂ ਵੀ ਘਰ ਵਰਗੀ ਹੈ

ਪਰਦੇਸੀ ਢੋਲਾ ਦੀਆਂ ਬਹੁਤੀਆਂ ਕਵਿਤਾਵਾਂ ਭੁਲੇਖਾ ਪਾਉਂਦੀਆਂ ਹਨ। ਪੜ੍ਹਨ ਪਿੱਛੋਂ ਲਗਦਾ ਹੈ, ਇਹ ਪੂਰੀਆਂ ਪੜ੍ਹੀਆਂ ਨਹੀਂ ਗਈਆਂ; ਕਿਤੋਂ ਅਣਪੜ੍ਹੀਆਂ ਰਹਿ ਗਈਆਂ ਹਨ। 'ਪਰਦੇਸ' ਰਹਿੰਦੇ ਬੰਦੇ ਨੂੰ ਵੀ ਭੁਲੇਖਾ ਪੈਂਦਾ ਹੈ ਕਿ ਉਹ ਏਥੇ ਪੂਰਾ ਨਹੀਂ ਰਹਿੰਦਾ; ਕਿਤੇ ਹੋਰ ਵੀ ਰਹਿੰਦਾ ਹੈ। ਇਕ ਪੈਰ ਲੰਡਨ ਵਿਚ ਧਰਦਾ ਹੈ; ਦੂਜਾ ਪੈਰ ਨਕੋਦਰ ਵਿਚ। ਦੇਸ ਪਰਦੇਸ ਦਾ ਇੱਕੋ ਵਿਹੜਾ ਹੈ। ਪਰਦੇਸੀ ਲਈ ਪਰਦੇਸ ਉਹਦੇ ਏਧਰ ਜੰਮੇ ਬੱਚਿਆਂ ਲਈ ਦੇਸ। ਇਕ ਦੂਜੇ ਲਈ ਦੋਵੇਂ ਪਰਦੇਸੀ, ਫਿਰ ਵੀ ਅਪਣੇ। ਪਰਦੇਸੀ ਅਪਣੇ ਬੱਚਿਆਂ ਰਾਹੀਂ 'ਬੇਗਾਨੀ ਮਿੱਟੜੀ ਅੰਦਰ' ਮੁੜ ਕੇ ਜੜ੍ਹਾਂ ਫੜਦਾ ਹੈ; ਉੱਖੜੇ ਰੁੱਖ ਵਾਂਙੂੰ।

> ਉੱਖੜੇ ਰੁੱਖੜੇ ਜੜ੍ਹਾਂ ਮੁੜ ਕੇ ਫੜ ਲਈਆਂ
> ਬੇਗਾਨੀ ਮਿੱਟੜੀ ਅੰਦਰ
> ਹੁਣ ਮੈਂ ਏਥੇ ਤੇ ਓਥੇ ਵੀ ਰਹਿੰਦਾ ਹਾਂ

ਇਹ ਵੀ ਸ਼ਾਇਦ ਉੱਖੜੇ ਬੰਦੇ ਦਾ ਭੁਲੇਖਾ ਹੈ। ਭੁਲੇਖਾ ਉਹਨੂੰ ਪਿਆ ਹੈ, ਜਾਂ ਉਹਨੇ ਆਪ ਪਾਇਆ ਹੈ; ਅਮਰਜੀਤ ਚੰਦਨ ਇਹਦਾ ਨਿਰਣਾ ਨਹੀਂ ਕਰਨ ਲਗਦਾ। ਇਹ ਭੁਲੇਖੇ ਨੂੰ ਤੋੜਦਾ ਵੀ ਨਹੀਂ; ਇਹਨੂੰ ਕਾਵਿਕ ਜੁਗਤ ਵਜੋਂ ਵਰਤਦਾ ਹੈ। 'ਦੇਖ ਮਨਾਂ, ਇਹ ਥਾਂ ਵੀ ਘਰ ਵਰਗੀ ਹੈ/ਜਿਥੇ ਮਾਂ ਦੀ ਬੁੱਕਲ਼ ਵਿਚ ਵੀ ਚੈਨ ਨਹੀਂ', ਪਰਦੇਸੀ ਕਹਿੰਦਾ ਹੈ। ਇਹ ਤਾਂ ਦੇਸ ਪਰਦੇਸ ਦੀ ਤਾਂ ਕੀ, ਪਰਾਦੇਸ ਦੀ ਗੱਲ ਲਗਦੀ ਹੈ। ਕੀ ਉਹਦੇ ਘਰ ਵੀ ਮਾਂ ਦੀ ਬੁੱਕਲ਼ ਵਿਚ ਵੀ ਸੁਖਚੈਨ ਨਾ ਸੀ? ਜੇ ਨਹੀਂ, ਤਾਂ ਉਹ ਉਸ ਭੋਇੰ ਨੂੰ ਕਿਉਂ ਛੱਡਦਾ ਹੈ? ਬੱਚਾ ਮਾਂ ਦੀ ਕੁੱਖ ਕਿਉਂ ਛੱਡਦਾ ਹੈ? ਇਹ ਪ੍ਰਸ਼ਨ ਹਨ ਹੀ ਮਾਨਵੀ ਹੋਣੀ ਦੇ। ਪਰਦੇਸੀ ਹੋਣਾ ਵੀ ਮਾਂ ਦੀ ਕੁੱਖ ਛੱਡਣ ਦੇ ਤੁਲ ਹੈ। ਇਹ ਬਾਬੇ ਨਾਨਕ ਵਾਲ਼ਾ ਪਰਦੇਸ ਹੈ (ਮਨ ਪਰਦੇਸੀ ਜੇ ਥੀਆ...); ਪਾਸਪੋਰਟ ਵਾਲ਼ਾ ਨਹੀਂ। ਚੰਦਨ ਦੀ ਕਵਿਤਾ ਬੰਦੇ ਦੀ ਹੋਣੀ ਦੀਆਂ ਅਨੇਕ ਤੈਹਾਂ ਫਰੋਲ਼ਦੀ ਹੈ।

ਦੇਸ ਪਰਦੇਸ ਦਾ ਮੁਹਾਵਰਾ ਇਸ ਦੁੱਖ ਨੂੰ ਦੱਸਣ ਜੋਗਾ ਨਹੀਂ। ਨਵਾਂ ਮੁਹਾਵਰਾ ਪੰਜਾਬੀ ਕਵਿਤਾ ਨੇ ਅਜੇ ਘੜਿਆ ਨਹੀਂ। ਚੰਦਨ ਅਣਸਰਦੇ ਨੂੰ ਏਸੇ ਨਾਲ਼ ਸਾਰਦਾ ਹੈ। ਇਹਦੇ ਨਾਲ਼ ਲੜਦਾ ਵੀ ਹੈ, ਕਿਉਂਕਿ ਇਹ ਇਹਦੀ ਗੱਲ ਨੂੰ ਅੱਤਭਾਵੁਕਤਾ

ਵਿਚ ਲਬੇੜ ਦਿੰਦਾ ਹੈ। ਕਵਿਤਾ ਵਿਚ ਅਚੇਤ ਹੀ ਮਾਂ ਦੀ ਮੌਤ ਦਾ ਸੋਗ, ਜੰਮਣ-ਭੋਇੰ ਦਾ ਹੇਰਵਾ, ਮਾਂ ਬੋਲੀ ਦਾ ਕ਼ਾਤਿਲ, ਦੰਮਾਂ ਦਾ ਲੋਭ, ਮਿੱਠੀ ਕ਼ੈਦ, ਸਾਗਰੋਂ ਵਿਛੜੀ ਮੱਛਲੀ, ਡਾਰ ਵਿਛੁੰਨੀਆਂ ਕੂੰਜਾਂ ਵਰਗੇ ਹੰਢੇ-ਵਰਤੇ ਵਿਚਾਰ ਤੇ ਵਾਕੰਸ਼ (ਕਲੀਸ਼ੇ) ਸ਼ਾਮਿਲ ਹੋ ਜਾਂਦੇ ਹਨ। ਉੱਖੜੇ ਬੰਦੇ ਦਾ ਦੁੱਖ ਉਪਹਾਸ ਬਣ ਜਾਂਦਾ ਹੈ:

> ਕਿਸ ਨੂੰ ਚੀਰ ਕੇ ਦਿਖਾਵਾਂਗੇ ਦਿਲ
> ਜਦੋਂ ਜਾਗੀ ਨਾ ਵਰ੍ਹਿਆਂ ਤੋਂ ਸੁੱਤੀ ਪਈ ਮਾਂ
>
> ...
>
> ਨਾ ਹੁਣ ਮੋਰ ਕਲਹਿਰੀ ਬੋਲੇ
> ਨਾ ਚੰਨ ਚਾਨਣੀ ਖਿੜਦੀ
> ਨਾ ਹੁਣ ਬੂਰ ਅੰਬਾਂ 'ਤੇ ਪੈਂਦਾ
> ਹੁਣ ਨ੍ਹੀਂ ਜਵਾਨੀ ਭਿੜਦੀ
>
> ...
>
> ਜੋ ਕੋਠੀ ਬੰਗਲਿਆਂ ਸੋਨੇ ਖ਼ਾਤਿਰ
> ਬੇਵਤਨਾ ਬੇਗ਼ੈਰਤ ਹੋ ਕੇ
> ਦੇਸ ਬੇਗਾਨੇ ਨੱਠਾ ਆਇਆ

ਇਹ ਅੱਤਭਾਵੁਕਤਾ ਚੰਦਨ ਦੀ ਕਵਿਤਾ ਦਾ ਸੁਭਾਅ ਨਹੀਂ ਹੈ; ਨਾ ਇਹਦੀ ਭਾਸ਼ਾ ਦਾ ਸਲੀਕਾ। ਇਹ ਪੰਜਾਬੀ ਦਾ ਵਿਰਲਾ ਕਵੀ ਹੈ, ਜਿਹੜਾ ਸ਼ਬਦਾਂ ਨੂੰ ਭੀਲਣੀ ਵਾਂਙ ਚਖ-ਚਖ ਕੇ ਵਰਤਦਾ ਹੈ। ਇਹਦੀ ਕਵਿਤਾ ਬਾਬ੍ਹੜ ਕੇ ਨਹੀਂ ਬੋਲਦੀ, ਜਿਵੇਂ ਉਪਰਲੀਆਂ ਟੂਕਾਂ ਤੋਂ ਭੁਲੇਖਾ ਪੈਂਦਾ ਹੈ। ਇਹਦੀ ਆਵਾਜ਼ ਦੇ ਦੋ ਉਘੜਵੇਂ ਲੱਛਣ ਹਨ: ਸੰਜਮ ਤੇ ਸੈਨਤ। ਜਦੋਂ ਬੋਲ ਲੋੜ ਨਹੀਂ ਸਾਰਦਾ, ਇਹ ਸੈਨਤ ਵਰਤਦਾ ਹੈ; ਪੱਲਾ ਮਾਰ ਕੇ ਦੀਵਾ ਬੁਝਾਉਣ ਵੇਲੇ ਅੱਖ ਨਾਲ਼ ਗੱਲ ਕਰਨ ਵਾਂਙੂੰ। ਚੰਦਨ ਸ਼ਬਦ ਤੇ ਅੱਖ ਦੋਹਾਂ ਨਾਲ਼ ਕਵਿਤਾ ਲਿਖਦਾ ਹੈ। ਕਈ ਵਾਰ ਅੱਖ-ਲਿਖਿਤ, ਸ਼ਬਦ-ਲਿਖਿਤ ਕਵਿਤਾ ਦਾ ਸਮਰਥਨ ਕਰਦੀ ਹੈ; ਕਈ ਵਾਰ ਉਹਨੂੰ ਕਟਦੀ ਜਾਪਦੀ ਹੈ। ਜਦੋਂ ਪਰਦੇਸ ਨੂੰ 'ਚਲੋ-ਚਲੀ ਦੇ ਵੇਲੇ ਜਹਾਜ਼ ਦਾ ਘੁੱਗੂ ਪਰਲੋ ਦੀ ਨੌਬਤ ਵਾਂਙ ਵੱਜਦਾ' ਹੈ, ਤਾਂ ਚੰਦਨ ਦੀ ਕਵਿਤਾ ਸੈਨਤ ਕਰਦੀ ਹੈ: 'ਘਰ ਦਾ ਰਸਤਾ ਪਰਦੇਸ ਦੇ ਥਾਣੀਂ ਹੀ ਹੈ।' ਪਰਦੇਸ ਨੂੰ ਜਾਣ ਵਾਲਾ ਜਹਾਜ਼ ਘਰ ਨੂੰ ਜਾਂਦਾ ਦਿਸਦਾ ਹੈ। ਦੇਸ ਪਰਦੇਸ ਵਿਚਲੀ ਸਰਹੱਦ ਮਿਟ ਜਾਂਦੀ ਹੈ। ਏਹੋ ਜਿਹਾ ਯਥਾਰਥ ਜਦੋਂ ਦੇਸ/ਪਰਦੇਸ ਦੇ ਖ਼ਾਨੇ ਵਿਚ ਪੈਂਦਾ ਹੈ, ਉਪਹਾਸ ਬਣ ਜਾਂਦਾ ਹੈ।

ਚੰਦਨ ਦੀ ਵਡਿਆਈ ਇਸ ਖ਼ਾਨਾਬੰਦੀ ਨੂੰ ਨਕਾਰਨ ਵਿਚ ਹੈ। ਇਹ ਹੱਥਾਂ ਨਾਲ਼ ਬਣਾ ਕੇ ਪੈਰਾਂ ਨਾਲ ਢਾਹੁਣ ਵਰਗੀ ਖੇਡ ਖੇਡਦਾ ਹੈ। ਕੁਝ ਕਵਿਤਾਵਾਂ ਵਿਚ ਉਹ ਇਹ ਖ਼ਾਨੇ ਵਰਤਦਾ ਹੈ; ਬਹੁਤੀਆਂ ਵਿਚ ਢਾਹੁੰਦਾ ਹੈ। ਜੋ ਇਕ ਕਵਿਤਾ ਵਿਚ ਕਹਿੰਦਾ ਹੈ; ਦੂਜੀ ਵਿਚ ਅਣਕਿਹਾ ਕਰ ਦਿੰਦਾ ਹੈ। ਇਕ ਵਿਚ ਮਾਂ ਦੇਸ ਚ ਹੈ, ਵਰ੍ਹਿਆਂ ਤੋਂ ਸੁੱਤੀ ਪਈ, 'ਪਰਦੇਸੀ' ਪੁੱਤ ਉਹਨੂੰ ਅਪਣਾ ਦਿਲ ਚੀਰ ਕੇ ਨਹੀਂ ਵਿਖਾ ਸਕਦਾ। ਦੂਜੀ ਕਵਿਤਾ ਵਿਚ ਮਾਂ ਓਥੇ ਹੀ ਹੈ, ਜਿਥੇ ਉਹ ਆਪ ਹੈ: 'ਮੈਂ ਜਿਥੇ ਵੀ ਹੁੰਦਾ ਹਾਂ / ਓਥੇ ਹੀ ਹੁੰਦੀ

ਹੈ ਮਾਂ।' ਦੋਨੋਂ ਕਵਿਤਾਵਾਂ ਇਕ ਦੂਜੀ ਨੂੰ ਕਟਦੀਆਂ ਲਗਦੀਆਂ ਹਨ। ਸ਼ਾਇਦ ਇਸ ਕਰਕੇ ਕਿ ਅਸੀਂ ਇਨ੍ਹਾਂ ਨੂੰ ਸੁਤੰਤਰ ਇਕਾਈਆਂ ਸਮਝ ਕੇ ਪੜ੍ਹਦੇ ਹਾਂ। ਪਰਵਾਹ ਦੇ ਰੂਪ ਵਿਚ ਪੜ੍ਹੀਏ, ਤਾਂ ਇਹਨਾਂ ਵਿਚ ਦਿਸਦੇ ਵਿਰੋਧ ਅਲੋਪ ਹੋ ਜਾਂਦੇ ਹਨ। ਇਹ ਕਵਿਤਾਵਾਂ ਅੰਤ 'ਤੇ ਪਹੁੰਚ ਕੇ ਅੰਤ ਨਹੀਂ ਹੁੰਦੀਆਂ, ਕਿਸੇ ਹੋਰ ਕਵਿਤਾ ਵਿਚ ਆਰੰਭ ਹੋ ਜਾਂਦੀਆਂ ਹਨ। ਜਿਵੇਂ ਇਕ ਪਗਡੰਡੀ ਦੂਜੀ ਵਿਚ ਪੈ ਜਾਂਦੀ ਹੈ। ਹਰ ਕਵਿਤਾ ਦਾ ਇਕ ਦੂਜੀ ਨਾਲ਼ ਲੈਣ-ਦੇਣ ਹੈ। ਇਕ ਦੀ ਅਣਕਹੀ ਦੂਜੀ ਕਹਿ ਦਿੰਦੀ ਹੈ, ਅੱਧ-ਕਹੀ ਪੂਰੀ ਕਰ ਦਿੰਦੀ ਹੈ। ਕਈ ਵਾਰ ਇਕ ਦੀ ਪੰਕਤੀ ਦੂਜੀ ਵਿਚ ਰਲ਼ ਜਾਂਦੀ ਹੈ। ਚੰਦਨ ਨੂੰ ਪੜ੍ਹਦਿਆਂ ਕਵਿਤਾ ਨੂੰ ਇਉਂ ਪੜ੍ਹਨ ਦੀ ਜੁਗਤ ਦਾ ਅਭਿਆਸ ਵੀ ਹੁੰਦਾ ਹੈ। ਕਵਿਤਾ ਨੂੰ ਪੜ੍ਹਨ ਦਾ ਹੀ ਨਹੀਂ, ਉਸ ਵਿਚਲੇ ਜਗਤ ਨੂੰ ਵੇਖਣ ਦਾ ਵੀ।

ਵਿਥਿਆ ਤਾਂ ਉੱਖੜੇ ਰੁੱਖ ਦੇ ਦੁੱਖ ਦੀ ਹੀ ਹੈ। ਜਦੋਂ ਦੇਸ ਪਰਦੇਸ ਦੇ ਰੂਪਕ ਵਿਚ ਨਹੀਂ ਕਹੀ ਜਾਂਦੀ, ਚੰਦਨ ਖੇਡ ਦਾ ਰੂਪਕ ਵਰਤਦਾ ਹੈ; ਦੋ ਧਰਾਤਲਾਂ ਉੱਤੇ। ਇਕ ਨੂੰ ਉਹ 'ਚੇਤਿਆਂ ਦੀ ਖੇਡ'; ਦੂਜੇ ਨੂੰ 'ਹੋਣ ਦੀ ਖੇਡ' ਕਹਿੰਦਾ ਹੈ।

ਰੁੱਖ ਓਦੋਂ ਉੱਖੜਦਾ ਹੈ, ਜਦੋਂ ਜੜ੍ਹਾਂ ਤੋਂ ਮਿੱਟੀ ਝੜਦੀ ਹੈ। ਮਿੱਟੀ ਸਿਮਰਤੀ ਹੈ, ਜੋ ਜੜ੍ਹਾਂ ਨੂੰ ਫੜ ਕੇ ਰਖਦੀ ਹੈ। ਫ਼ਲਸਤੀਨੀ ਕਵੀ ਮਹਿਮੂਦ ਦਰਵੇਸ਼ ਕਹਿੰਦਾ ਹੈ: 'ਅਪਣੀ ਮਿੱਟੀ ਨੂੰ ਭੁੱਲਣਾ ਪਰਦੇਸ ਹੈ।' ਚੰਦਨ ਇਕ ਕਦਮ ਅੱਗੇ ਤੁਰਦਾ ਹੈ। ਕਹਿੰਦਾ ਹੈ: ਭੁੱਲੇ ਬੰਦੇ ਦਾ ਪਰਦੇਸ ਵੀ ਨਹੀਂ ਹੈ। ਚੇਤਿਆਂ ਦੀ ਖੇਡ ਵਿਚ ਦੋਵੇਂ ਲੁਕ ਜਾਂਦੇ ਹਨ। ਜਾਣਦੇ ਅਣਜਾਣ ਹੋ ਜਾਂਦੇ ਹਨ। ਕੇਵਲ ਪ੍ਰਸ਼ਨ ਪਿੱਛੇ ਰਹਿ ਜਾਂਦਾ ਹੈ – ਹੁਣ ਸਵੇਰਾਂ ਦੇ ਭੁੱਲੇ ਕਿੱਥੇ ਜਾਵਾਂਗੇ?

ਜੜ੍ਹਾਂ ਤੋਂ ਮਿੱਟੀ ਹੌਲ਼ੀ-ਹੌਲ਼ੀ ਝੜਦੀ ਹੈ। ਬੰਦਾ ਹੌਲ਼ੀ-ਹੌਲ਼ੀ ਭੁੱਲਦਾ ਹੈ। ਹੌਲ਼ੀ-ਹੌਲ਼ੀ ਪਰਦੇਸੀ ਹੁੰਦਾ ਹੈ। ਜਿਵੇਂ-ਜਿਵੇਂ ਭੁੱਲੀ ਜਾਂਦਾ ਹੈ, ਪਰਦੇਸੀ ਹੋਈ ਜਾਂਦਾ ਹੈ:

ਇਸ ਮੁਲਕ ਵਿਚ ਪਰਦੇਸੀ ਯਾਦਾਂ ਭੁੱਲਦਾ ਹੈ
ਭੁੱਲਦਾ ਰਹਿੰਦਾ ਹੈ ਭੁੱਲ ਜਾਂਦਾ ਹੈ
...
ਏਥੇ ਉਹ ਪਰਦੇਸੀ ਹੋਈ ਜਾਂਦਾ ਹੈ

ਪਰਦੇਸੀ ਹੋਣ ਤੇ ਹੋਈ ਜਾਣ ਵਿਚ ਢੇਰ ਅੰਤਰ ਹੈ। ਹੋਣਾ ਘਟਨਾ ਹੈ। ਹੋਈ ਜਾਣਾ ਪਰਵਾਹ ਹੈ: ਜੜ੍ਹ ਦਾ ਨਿਤ ਉੱਖੜਨਾ, ਜ਼ਖ਼ਮ ਦਾ ਨਿਤ ਉਚੜਨਾ, ਅਦਨ ਦੇ ਬਾਗ਼ ਵਿੱਚੋਂ ਨਿਤ ਉਜੜਨਾ। ਚੰਦਨ ਇਹ ਦੁੱਖ ਰੁੜਕੇ ਪਿੰਡ ਦੇ ਬਿੱਕਰ ਜੱਟ ਦੀ ਕਥਾ ਰਾਹੀਂ ਨੰਗਾ ਕਰਦਾ ਹੈ, ਜਿਹੜਾ 'ਵਿਚ ਵਲੈਤੀਂ ਫੁੱਲ ਵੇਚਦਾ' ਹੈ; 'ਨਗਰੀ ਨਗਰੀ ਦੁਆਰੇ ਦੁਆਰੇ'। ਬਿੱਕਰ ਕਵੀ ਨੂੰ ਯੂਰਪ ਦੇ ਹਰ ਨੱਗਰ ਚ ਦਿਸਦਾ ਹੈ-ਕਦੇ ਪੈਰਿਸ, ਕਦੇ ਬਰਲਿਨ, ਫੇਰ ਅਮਸਟਰਡਮ, ਤੇ ਵੀਆਨਾ, ਰੋਮ ਤੇ ਕਦੇ ਪਰਾਗ। ਕਵੀ ਪੁੱਛਦਾ ਹੈ –

ਭਾਈ ਬਿੱਕਰ ਸਿੰਘਾ
ਤੂੰ ਖ਼ੁਸ਼ ਨਹੀਂ ਲਗਦਾ
ਤੈਨੂੰ ਚੁੱਪ ਕਾਹਦੀ ਐ ਲੱਗੀ?

ਚੰਦਨ ਕਿਸੇ ਉੱਤਰ ਲਈ ਇਹ ਪ੍ਰਸ਼ਨ ਨਹੀਂ ਕਰਦਾ। ਬਿੱਕਰ ਸਿੰਘ ਦਾ ਦੁੱਖ ਪੁੱਛ-ਦੱਸ ਤੋਂ ਡੂੰਘਾ ਹੈ। ਏਸੇ ਕਰਕੇ ਉਹਨੂੰ ਚੁੱਪ ਲੱਗੀ ਹੋਈ ਹੈ। ਚੰਦਨ ਦੀ ਪੁੱਛ-ਗਿੱਛ ਬਿੱਕਰ ਦੇ ਦੁੱਖ ਨੂੰ ਵਧੇਰੇ ਉਜਾਗਰ ਕਰਨ ਦੀ ਕਾਵਿਕ ਜੁਗਤ ਹੈ। ਤੇ ਸੈਨਤ ਕਰਨ ਦੀ ਕਿ ਇਹ ਦੁੱਖ ਇਕੱਲੇ ਬਿੱਕਰ ਦਾ ਨਹੀਂ, ਉਹਤੋਂ ਫੁੱਲ ਖ਼ਰੀਦਦੇ ਕੁੜੀ ਮੁੰਡੇ ਦਾ ਵੀ ਹੈ, ਜਿਹੜੇ ਪਿਆਰ ਦਾ ਖੇਖਣ ਕਰਦੇ ਹਨ; ਸਿਰਫ਼ 'ਅੱਜ ਦੀ ਰਾਤ' ਲਈ। ਉੱਖੜੇ ਰੁੱਖ ਦੀ ਜੜ੍ਹ ਲੱਗੇ, ਭਾਵੇਂ ਝੂਠ ਦੀ ਮਿੱਟੀ ਵਿਚ ਹੀ ਲੱਗੇ, ਭਾਵੇਂ ਇਕ ਰਾਤ ਲਈ ਹੀ ਲੱਗੇ। ਬਿੱਕਰ ਫੁੱਲ ਵੇਚਦਾ ਇਸ ਤਰਲੇ ਦਾ ਅਭਿਨੰਦਨ ਵੀ ਕਰਦਾ ਹੈ।

ਬਿੱਕਰ ਦੀ ਚੁੱਪ ਵਿਚ ਅਰਥ ਨਹੀਂ, ਰਹੱਸ ਹੈ ਤੇ ਦੁੱਖ ਹੈ। ਇਹ ਦੁੱਖ ਰੁੱਖ ਦੇ ਉਖੜਨ ਦੇ ਦੁੱਖ ਤੋਂ ਡੂੰਘਾ ਜਾਪਦਾ ਹੈ। ਦੁੱਖ ਉੱਖੜਨ ਦਾ ਨਹੀਂ, ਜੜ੍ਹ ਨਾ ਲਗਣ ਦਾ ਹੈ। ਉੱਖੜਨਾ, ਚੰਦਨ ਕਹਿੰਦਾ ਹੈ, ਬੰਦੇ ਦੀ ਹੋਣੀ ਹੈ। ਇਸ 'ਤੇ ਉਹਦਾ ਵਸ ਨਹੀਂ। ਇਹ ਬਿਜਲੀ ਵਾਂਙ ਡਿਗਦੀ ਹੈ, ਤੇ ਪਰਛਾਵੇਂ ਵਾਂਙ ਪਿੱਛਾ ਕਰਦੀ ਹੈ।

> ਹੋਣੀ ਦੀ ਆਵਾਜ਼ ਬਿਜਲੀ ਵਾਂਙ ਦੁਮੇਲ 'ਤੇ ਡਿੱਗੀ
> ਇਹ ਹੋਣੀ ਦੀ ਆਵਾਜ਼ ਨਾਲ਼ ਨਾਲ਼ ਚੱਲਣੀ ਪਰਛਾਵੇਂ ਵਾਂਙੂੰ

ਸ਼ਾਇਦ ਜੜ੍ਹ ਲੱਗਣੀ ਵੀ ਬੰਦੇ ਦੇ ਪੂਰੀ ਵਸ ਵਿਚ ਨਹੀਂ। ਇਸ ਅਸਗਾਹ ਸੁੰਨ ਵਿਚ ਉਹਦਾ ਅਸਤਿਤਵ ਨਾਂਹ ਵਰਗਾ ਹੈ। ਸਾਡੀ ਮਿਥ ਕਹਿੰਦੀ ਹੈ – ਉਹ ਮ੍ਰਿਤ ਮੰਡਲ ਦਾ ਵਾਸੀ ਹੈ। ਜੇ ਉਹਦੀ ਕੋਈ ਜੜ੍ਹ ਹੈ, ਤਾਂ ਉਹ ਮ੍ਰਿਤਯੂ ਵਿਚ ਲੱਗੀ ਹੋਈ ਹੈ। ਜਦੋਂ ਚੰਦਨ ਬਿੱਕਰ ਨੂੰ ਪੁੱਛਦਾ ਹੈ: 'ਤੈਨੂੰ ਚੁੱਪ ਕਾਹਦੀ ਹੈ ਲੱਗੀ', ਤਾਂ ਉਹਦੀ ਕਵਿਤਾ ਬੰਦੇ ਦੀ ਇਸ ਹੋਣੀ ਵਲ ਸੈਨਤ ਕਰਦੀ ਹੈ। ਫੇਰ ਵੀ ਬਿਕਰ ਫੁੱਲ ਵੇਚਣਾ ਨਹੀਂ ਛੱਡਦਾ। ਜੰਗਲੇ ਵਿਚ ਕੈਦ ਮੋਰ ਝੁਰਦਾ ਹੋਇਆ ਵੀ ਨੱਚਦਾ ਰਹਿੰਦਾ ਹੈ। ਬੰਦੇ ਦੀ ਡਿੱਠ ਨੂੰ ਅਣਡਿੱਠ ਕਰ ਕੇ ਜਿਉਣ ਦੀ ਇਸ ਸਮਰੱਥਾ ਨੂੰ ਚੰਦਨ ਹੋਣ ਦੀ ਖੇਡ ਕਹਿੰਦਾ ਹੈ। ਇਸ ਖੇਡ ਵਿਚ ਹੀ ਉਹਦੀ ਜੜ੍ਹ ਲੱਗੀ ਹੋਈ ਹੈ। ਉਹ ਜਿੱਥੇ ਵੀ ਹੈ, ਹੋਣ ਦੀ ਖੇਡ ਖੇਡ ਰਿਹਾ ਹੈ; ਉਹ ਕਿਤੇ ਆਇਆ-ਗਇਆ ਨਹੀਂ ਹੁੰਦਾ।

> ਜੰਮਣ-ਭੋਂ ਛੱਡ ਗਏ ਬੰਦੇ ਨੂੰ ਕਦੇ ਗ਼ੈਰਹਾਜ਼ਿਰ ਨਹੀਂ ਸਮਝਦੀ
> ਛੱਡ ਕੇ ਆਏ ਬੰਦੇ ਨੂੰ ਕਦੇ ਪਤਾ ਨਹੀਂ ਲੱਗਦਾ
> ਕਿ ਉਹ ਕਿਤੇ ਆਇਆ ਜਾਂ ਗਇਆ ਨਹੀਂ
> ਉਹ ਕਿਤੇ ਛੱਡ ਕੇ ਨਹੀਂ ਜਾਣ ਜੋਗਾ
> ਉਹ ਓਤੇ ਹੀ ਕਿਤੇ ਹੁੰਦਾ ਹੈ
> ਅਪਣੇ ਹੋਣ ਦੀ ਖੇਡ ਵਿਚ ਲੱਗਾ

ਚੰਦਨ ਦੀ ਕਵਿਤਾ ਦੀ ਸ਼ਕਤੀ ਤੇ ਸੁਹਜ ਇਸ ਅੰਤਰ-ਝਾਤ ਵਿਚ ਹੈ।

ਨਵਤੇਜ ਭਾਰਤੀ

ਅਗਿਆਤ ਆਵਾਸੀ ਦਾ ਸਮਾਰਕ

ਐਸਟੋਰੀਆ, ਔਰੇਗੌਨ ਵਿਚ ਗ਼ਦਰ ਸਮਾਰਕ ਤਾਂ ਕੋਈ ਬਣਿਆ ਨਹੀਂ। ਪਰ ਮੈਂ ਅਪਣੇ ਭਾਸ਼ਣ ਵਿਚ ਉਹਦੀ ਥਾਂ ਖ਼ਾਲੀ ਸਲਾਈਡ ਦਿਖਾ ਦੇਵਾਂਗੀ। - ਜੋਹੱਨਾ ਔਗਡੈੱਨ, ਇਤਿਹਾਸਕਾਰ। ਈਮੇਲ 6 ਨਵੰਬਰ 2012.

ਇਹ ਸ਼ਵੇਤ ਖੰਡ ਜੋ ਜੜਿਆ ਸ਼ਿਆਮਲ ਚੌਖਟ
ਇਹ ਸਮਾਰਕ ਹੋਰ ਕਿਤੇ ਨਾ ਕੇਵਲ ਮਨਤਲ ਉੱਤੇ

ਇਹ ਤਲ ਇਤਨਾ ਕੋਮਲ ਸਹਿਣ ਨਾ ਜੋਗਾ ਕਿਸੇ ਵੀ ਰੰਗ ਨੂੰ

ਇਸਦਾ ਕੋਈ ਨਾ ਖਿਤਿਜ
ਇਸ ਥਾਵੇਂ ਧਰਤੀ ਤੇ ਆਕਾਸ਼ ਕਦੇ ਵੀ ਮਿਲ਼ਦੇ ਨਾਹੀਂ

ਅਹਿਲ ਛਬੀ ਇਹ ਹਰਦਮ ਹਿੱਲਦੀ ਰਹਿੰਦੀ

ਇਹ ਰਾਹਦਾਰੀ ਅਗਿਆਤ ਦੇਸ ਦੀ
ਉੱਪਰ ਕਿਹਦੀ ਫ਼ੋਟੋ ਲੱਗੀ
ਹੋਣੀ ਪਾਈ ਗਵਾਹੀ ਕਦੇ ਨਾ ਘਰ ਪਰਤਣ ਦੀ

ਇਹ ਘੜੀ ਜੋ ਨਿਤ ਦੱਸਦੀ ਹੈ ਘਰ ਛੱਡਣ ਦਾ ਵੇਲਾ
ਜਦ ਅੱਖਾਂ ਭਰ ਕੇ ਪਾਂਧੀ ਟੁਰਿਆ ਚੜ੍ਹਿਆ ਦੂਰ ਉਦਾਸੀ

ਇਹ ਸੁਪਨਾ ਜੋ ਕੈਦੀ ਲੈਂਦੇ

ਇਹ ਦਰਪਣ ਹੈ ਆਸਾ ਦੀ ਲੋਅ ਨਾ' ਲੂਹਿਆ

ਦਿਨ ਦੇ ਵੇਲੇ ਚੰਨ ਲਟਕੇ ਹੈ ਰੁੱਖ ਦੇ ਉੱਤੇ ਜਿਸਦਾ ਨਾ ਪਰਛਾਵਾਂ

ਸੁਰ ਅਵਰੋਹੀ ਆਲਾਪ ਹੈ ਛਿੜਿਆ
ਕੋਈ ਲਿਖਤ ਵਿਅੰਜਨੋਂ ਵਾਂਝੀ

ਜੀਵਨ ਪੁਸਤਕ ਅੰਤਿਮ ਪੰਨਾ ਖ਼ਾਲੀ ਰੱਖਿਆ
ਚਲਦੀ ਰੀਲ ਫ਼ਿਲਮ ਦੀ ਟੁੱਟੀ ਸਾਹਵੇਂ ਕੁਝ ਨਾ ਦਿਸਦਾ
ਠੰਢੀ ਸੀਤ ਸੁੰਨ ਸ਼ਾਂਤੀ
ਤਥਤਾ

* ਸੰਨ 1913 ਵਿਚ ਐਸਟੋਰੀਆ, ਔਰੇਗੌਨ ਵਿਚ ਗ਼ਦਰ ਪਾਰਟੀ ਸਜੀ ਸੀ। - ਪ੍ਰਕੇਵਲ ਸੁੰਨ ਸੱਖਣ ਨੂੰ ਪਾਲੀ ਤੇ ਸੰਸਕ੍ਰਿਤ ਵਿਚ ਤਥਤਾ ਕਿਹਾ ਜਾਂਦਾ ਹੈ। (ਅੰਗਰੇਜ਼ੀ ਤੋਂ ਉਲੱਥਾ)

ਲਾਲ

ਬ੍ਰਿਟਿਸ਼ ਲਾਇਬ੍ਰੇਰੀ ਲੰਦਨ ਵਿਚ ਗ਼ਦਰ ਲਹਿਰ. ਦੀਆਂ ਮਿਸਲਾਂ ਵਾਚਦਿਆਂ

ਜੋਗੀ ਬੈਠਾ ਮਿੱਟੀ ਫੋ.ਲੇ
ਇਹ ਜਾਣਦਿਆਂ ਵੀ
ਨਹੀਂ ਲਭਣੇ ਲਾਲ ਗੁਆਚੇ
ਸਦੀ ਪੁਰਾਣੀ ਕਿੰਨੀਆਂ ਪੁਸ਼ਤਾਂ ਲੇਖੇ ਲੱਗੀਆਂ
ਤਕਦੀਰ ਨਾ ਬਦਲੀ ਲੋਕਾਂ ਦੀ

ਫੋ.ਲੇ ਕਾਗ਼ਜ਼ ਧੁਖਦੇ ਅੱਖਰ
ਲਾਲ ਮਾਤਾ ਦੇ ਜ਼ੰਜੀਰਾਂ ਨੂੰ ਕੱਟਣੇ ਨੂੰ
ਫਿਰਦੇ ਦੇਸ਼ ਦੇਸ਼ਾਂਤਰ ਪੇਸ਼ ਨਾ ਜਾਂਦੀ
ਤੋੜ ਕੇ ਮੋਹ ਦੇ ਸੰਗ.ਲ
ਤੁਰ ਪਏ ਜੰਗ.ਲ ਰਸਤੇ
ਮੁਲਕੋ ਮੁਲਕ ਸ਼ਹਿਰ ਤੋਂ ਸ਼ਹਿਰ

ਰਤਨ ਸਿੰਘ ਸੰਤੋਖ ਸੁਤੰਤਰ
ਦਾਦਾ ਮੀਰ ਕੁਰਬਾਨ ਇਲਾਹੀ
ਰਾਮ ਕ੍ਰਿਸ਼ਨ ਰੁੜ੍ਹਿਆ ਜਾਂਦਾ ਆਮੂ ਦਰਿਆ ਅੰਦਰ

ਨਾ ਕਾਗਜ਼ ਨਾ ਅੱਖਰ ਦੱਸਦੇ
ਬੇਵਤਨੇ ਦਾ ਦਿਲ ਕਿੰਜ ਧੜਕਦਾ
ਕਿੰਜ ਤੜਫਦਾ ਚੇਤੇ ਕਰਕੇ
ਮਾਪੇ ਪਿੰਡ ਤੇ ਬੇਲੀ

ਕੌਣ ਭਤੀਜਾ ਤਾਂਘ ਮਿਲਣ ਦੀ ਲੈ ਕੇ ਫਾਂਸੀ ਚੜ੍ਹਿਆ
ਰਹਿੰਦਾ ਸੱਤ ਸਮੁੰਦਰਾਂ ਪਾਰ ਹੈ ਚਾਚਾ
ਤਸਵੀਰ ਦੇ ਪਿੱਛੇ ਨਹਿਰੂ ਲਿਖਿਆ –

ਇਹ ਮੂਰਤ ਉਸ ਉੱਚੇ ਦਾ ਸੱਚਾ ਪਰਛਾਵਾਂ ਹੈ
ਵਤਨ ਦੀ ਧਰਤੀ ਉੱਤੇ ਪੈਂਦਾ

ਮੂਰਤ ਅੰਦਰ ਸਿੰਘ ਅਜੀਤ
ਬਣਿਆ ਬੈਠਾ ਹਸਨ ਖ਼ਾਨ ਈਰਾਨ ਦਾ ਵਾਸੀ
ਕਦੀ ਤਾਂ ਬੋਲੇ ਫ਼ਾਰਸ ਤੁਰਕੀ ਕਦੇ ਸਪੇਨੀ ਕਦੇ ਇਤਾਲੀ
ਪਰ ਤੱਕਦੀ ਅੱਖ ਪੰਜਾਬੀ ਹੈ

ਨਹਿਰੂ ਸਰਕਾਰੇ-ਦਰਬਾਰੇ ਕਹਿੰਦਾ -
ਇਸਨੂੰ ਅਪਣੇ ਘਰ ਜਾਣ ਦਾ
ਮਾਂ ਦੇ ਪੈਰੀਂ ਪੈ ਕੇ ਮਰ ਜਾਣ ਦਾ ਹੱਕ ਤਾਂ ਦੇਵੋ

ਨਾ ਕਾਗ਼ਜ਼ ਨਾ ਅੱਖਰ ਦੱਸਦੇ
ਕਿਹੜਾ ਖ਼ਿਆਲ ਸੀ ਜਿਹੜਾ ਹਰਦਮ ਨਾ਼ਲ ਓਸਦੇ ਰਹਿੰਦਾ ਸੀ
ਕਿਸਦੇ ਨਾਮ ਸਹਾਰੇ ਉਹ ਦਰਦ ਹਿਜਰ ਦਾ ਸਹਿੰਦਾ ਸੀ

ਜੋਗੀ ਬੈਠਾ ਮਿੱਟੀ ਫੋ਼ਲੇ
ਇਹ ਜਾਣਦਿਆਂ ਵੀ
ਨਹੀਂ ਲਭਣੇ ਲਾਲ ਗੁਆਚੇ
ਸਦੀ ਪੁਰਾਣੀ ਕਿੰਨੀਆਂ ਪੁਸ਼ਤਾਂ ਲੇਖੇ ਲੱਗੀਆਂ
ਤਕਦੀਰ ਨਾ ਬਦਲੀ ਲੋਕਾਂ ਦੀ

* ਰਤਨ ਸਿੰਘ, ਸੰਤੋਖ ਸਿੰਘ, ਤੇਜਾ ਸਿੰਘ ਸੁਤੰਤਰ, ਦਾਦਾ ਅਮੀਰ ਹੈਦਰ, ਕੁਰਬਾਨ ਇਲਾਹੀ, ਰਾਮ ਕ੍ਰਿਸ਼ਨ ਇਹ ਸਾਰੇ ਗ਼ਦਰ-ਕਿਰਤੀ ਪਾਰਟੀ ਦੇ ਆਗੂ ਸਨ। ਆਖ਼ਿਰ ਨਹਿਰੂ ਨੇ ਅੱਧੀਓਂ ਵਧ ਉਮਰ ਜਲਾਵਤਨ ਰਹੇ ਅਜੀਤ ਸਿੰਘ ਨੂੰ ਆਜ਼ਾਦ ਭਾਰਤ ਦੀ ਸਰਕਾਰ ਬਣਨ ਵੇਲੇ ਵਤਨ ਸੱਦਿਆ ਸੀ। ਅਜੀਤ ਸਿੰਘ ਚੌਦਾਂ ਪੰਦਰਾਂ ਅਗਸਤ ਸੰਨ ਸੰਤਾ਼ਲੀ ਦੀ ਰਾਤ ਨੂੰ ਪੂਰੇ ਹੋਏ ਸਨ। ਰਵਾਇਤ ਹੈ ਕਿ ਉਨ੍ਹਾਂ ਆਖ਼ਿਰੀ ਸਾਹ ਲੈਣ ਵੇਲੇ ਅਪਣੀ ਪਤਨੀ ਹਰਨਾਮ ਕੌਰ ਦੇ ਪੈਰੀਂ ਪੈ ਕੇ ਚੰਗਾ ਪਤੀ ਨਾ ਬਣ ਸਕਣ ਦੀ ਭੁੱਲ ਬਖ਼ਸ਼ਾਈ ਸੀ। ਕਾ਼ਗਜ਼ਾਂ ਵਿਚ ਨਹਿਰੂ ਦੀ ਤਸਦੀਕ ਕੀਤੀ ਅਜੀਤ ਸਿੰਘ ਦੀ ਤਸਵੀਰ ਪਈ ਹੈ, ਜੋ ਉਨ੍ਹਾਂ ਨੇ ਸੰਨ 40 ਵਿਚ ਅੰਗਰੇਜ਼ ਹਾਕਮਾਂ ਨੂੰ ਪਾਸਪੋਰਟ ਵਾਸਤੇ ਅਰਜ਼ੀ ਦੇ ਨਾ਼ਲ ਘੱਲੀ ਸੀ। ਅਰਜ਼ੀ ਰੱਦ ਹੋ ਗਈ ਸੀ।

ਪਰਦੇਸੀਆਂ ਦਾ ਗੀਤ

ਚਿੱਟਿਆਂ ਬਨੇਰਿਆਂ 'ਤੇ ਚੁੱਪ ਬੈਠਾ ਕਾਂ
ਸਾਨੂੰ ਆਇਆਂ ਦੇਖ ਕੇ ਪਛਾਣੇਗਾ ਵੀ ਨਾ।
ਵਿਹੜਿਆਂ ਚੋਂ ਉੱਠਦੇ ਵਰੋਲ਼ਿਆਂ ਦੀ ਛਾਂ
ਦੂਰ ਸੁੱਟੇਗੀ ਉੜਾ, ਕੋਈ ਜਾਣੇਗਾ ਵੀ ਨਾ।
ਕਿਸ ਨੂੰ ਚੀਰ ਕੇ ਦਿਖਾਵਾਂਗੇ ਦਿਲ
ਜਦੋਂ ਜਾਗੀ ਨਾ ਵਰ੍ਹਿਆਂ ਤੋਂ ਸੁੱਤੀ ਪਈ ਮਾਂ।
ਸਵੇਰਾਂ ਦੇ ਭੁੱਲੇ ਹੁਣ ਕਿਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ॥

ਖ਼ਾਲੀ ਹੱਥ ਭਰੀ ਅੱਖ ਸਾਡੀ ਉਮਰਾਂ ਦੀ ਖੱਟੀ
ਜੱਗ ਜਿਤ ਕੇ ਵੀ ਸਾਰਾ, ਬਾਜ਼ੀ ਮਾਤ ਪੈ ਗਈ।
ਲੈ ਕੇ ਅੰਗਾਂ ਵਿਚ ਧੁੱਪ ਅਸੀਂ ਗਾਹੇ ਚਾਰੇ ਚੱਕ
ਕਿਵੇਂ ਲੰਘਿਆ ਹੈ ਦਿਨ ਉੱਤੋਂ ਰਾਤ ਪੈ ਗਈ।
ਸਾਰੇ ਮਚਿਆ ਤੂਫ਼ਾਨ, ਚੁੱਪ ਹੋਈ ਜਿੰਦ ਜਾਨ
ਲੰਮੀ ਉਮਰਾਂ ਦੀ ਕੈਦ ਸਾਥੋਂ ਨਹੀਂ ਜਾਣੀ ਕੱਟੀ।
ਸਵੇਰਾਂ ਦੇ ਭੁੱਲੇ ਹੁਣ ਕਿਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ॥

ਜਿਨ੍ਹਾਂ ਤੁਰਨਾ ਸਿਖਾਇਆ ਉਹ ਗਏ ਰਾਹ ਮੁੱਕ
ਜਿਨ੍ਹਾਂ ਚਲਣਾ ਸਿਖਾਇਆ ਉਹ ਗਏ ਪਾਣੀ ਸੁੱਕ।
ਹਰ ਪੈਰ ਹਰ ਸਾਹ ਜਿਹੜੇ ਰਹੇ ਅੰਗਸੰਗ
ਉਹ ਚੇਤਿਆਂ ਦੀ ਖੇਡ ਵਿਚ ਗਏ ਕਿਥੇ ਲੁੱਕ।
ਸਾਰੇ ਅਲਖ ਜਗਾਈ ਕਿਸੇ ਖ਼ੈਰ ਵੀ ਨਾ ਪਾਈ
ਰੂਹ ਦੀ ਭੁੱਖ ਨੂੰ ਕਿਤੋਂ ਜੁੜਿਆ ਨਾ ਟੁੱਕ।
ਸਵੇਰਾਂ ਦੇ ਭੁੱਲੇ ਹੁਣ ਕਿਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ॥

ਜਹਾਜ਼ ਦਾ ਘੁੱਗੂ

ਆਖ਼ਿਰ ਜਹਾਜ਼ ਨੇ ਵਿਸਲ ਦਿੱਤਾ, ਜਿਸਦੀ ਆਵਾਜ਼ ਬੜੀ ਭਾਰੀ ਸੀ।
- ਮੇਰੇ ਪਿਤਾ ਦੀ ਮਾਰਚ 1929 ਦੀ ਡਾਇਰੀ ਵਿੱਚੋਂ, ਜਦ ਉਹ ਬੰਬਈਓਂ ਈਸਟ ਅਫ਼ਰੀਕਾ ਨੂੰ ਪਹਿਲੀ ਵਾਰ ਚੱਲੇ ਸੀ

ਉਹ ਕਹਿਰ ਦਾ   ਚਲੋ-ਚਲੀ ਦਾ ਵੇਲਾ ਸੀ

ਆਖ਼ਿਰ ਇਕਦਮ ਘੁੱਗੂ ਵੱਜਾ ਕਿ ਪਰਲੋ ਦੀ ਨੌਬਤ ਬਾਜੀ
ਸੰਖ ਵੱਜਾ ਕਿ ਭਾਂਡਾ ਭੱਜਾ
ਧਰਤੀ ਤੋਂ ਆਕਾਸ਼ ਤੀਕਰਾਂ ਪਾਣੀ ਦੀ ਛੱਲ ਉੱਭਰੀ

ਜਹਾਜ਼ ਕੰਢੇ ਤੋਂ ਵਿਛੜਨ ਲੱਗਾ   ਹੌਲ਼ੀ-ਹੌਲ਼ੀ
ਮਾਂ ਤੋਂ ਪੁਤਰ   ਬੂੰਦ ਬੱਦਲ਼ ਤੋਂ

ਹੋਣੀ ਦੀ ਆਵਾਜ਼ ਬਿਜਲੀ ਵਾਂਙ ਦੁਮੇਲ 'ਤੇ ਡਿੱਗੀ
ਸਾਗਰ ਲਹਿਰਾਂ ਜੀਰ ਲਈ

ਡਰੇ ਯਾਤਰੀ   ਦਿਲ ਦੀ ਧੜਕਣ ਖੁੰਝੀ
ਵਿਚ ਸਮੁੰਦਰ ਫੁੱਲ ਨਾਰੀਅਲ ਸੁੱਟਣ ਲੱਗੇ   ਸੁੱਖਾਂ ਸੁੱਖਦੇ
ਖ਼ਿਜ਼ਰ ਖ਼ਵਾਜਾ ਰਾਜ਼ੀ ਹੋਇਆ

ਡਰੇ ਬੰਦੇ ਨੇ ਧੀਰਜ ਧਰਿਆ
ਦੇਖਣ ਲੱਗਾ ਨਾਲ਼ ਹੈਰਾਨੀ ਕੰਢੇ ਨੂੰ   ਫਿਰ ਸੋਚਣ ਲੱਗਾ -

ਘਰ ਦਾ ਰਸਤਾ ਪਰਦੇਸ ਦੇ ਥਾਣੀਂ ਹੀ ਹੈ
ਫੇਰ ਹੋਣਗੇ ਜੀਂਵਦਿਆਂ ਦੇ ਮੇਲੇ
ਇਹ ਹੋਣੀ ਦੀ ਆਵਾਜ਼ ਨਾਲ਼-ਨਾਲ਼ ਚੱਲਣੀ ਪਰਛਾਵੇਂ ਵਾਂਙੂ
ਦੰਮਾਂ ਦਾ ਲੋਭੀ ਨਾ ਜਾਣੇ ਹੈ

ਘਰ

ਸਾਇਬੇਰੀਆ ਵਿਚ ਢਾਈ ਹਜ਼ਾਰ ਸਾਲ ਪੁਰਾਣੀ
ਬੁੱਢੜੀ ਦੀ ਦੇਹ ਲੱਭੀ
ਇਹ ਖ਼ਬਰ ਟੈਲੀ ਵਿਚ ਤੱਕ ਕੇ
ਅਪਣੇ ਪੁੱਤ ਨੂੰ ਆਖ ਸੁਣਾਇਆ -
ਬੁੱਢੜੀ ਸਾਇਬੇਰੀਆ ਨਾ ਜਾਂਦੀ ਤਾਂ ਚੰਗਾ ਸੀ
ਮਰਨਾ ਲਿਆ ਸੀ ਓਹਨੇ ਕਾਹਨੂੰ

ਪੁੱਤਰ ਅੱਗੋਂ ਆਖਣ ਲੱਗਾ -
ਬੁੱਢੜੀ ਓਥੇ ਗਈ ਨਹੀਂ ਸੀ,
ਉਹ ਤਾਂ ਓਥੇ ਈ ਰਹਿੰਦੀ ਸੀ

ਇਸ ਦਾ ਮਤਲਬ -
ਜਿਥੇ ਬੰਦਾ ਰਹਿੰਦਾ ਹੁੰਦਾ
ਓਥੇ ਨਹੀਂ ਉਹ ਜਾਂਦਾ?
ਬਿਲਕੁਲ ਨ੍ਹੀਂ, ਉਹ ਤਾਂ ਓਥੇ ਸਦਾ ਈ ਹੁੰਦਾ

ਮੇਰੀਆਂ ਸੋਚਾਂ ਬੁੱਲ੍ਹਾਂ ਤਕ ਨਾ ਆਈਆਂ -
ਮੈਂ ਨਹੀਂ ਇਥੇ ਰਹਿੰਦਾ
ਸੱਤ ਸਮੁੰਦਰ ਚੱਲ ਕੇ ਆਇਆ
ਅਸੀਂ ਨਬੀ ਦਾ ਮੂੰਹ ਤੱਕਣਾ ਸੀ
ਪਰ ਨਬੀ ਨਹੀਂ ਏਥੇ ਆਇਆ
ਇਹ ਤਾਂ ਏਥੇ ਹੀ ਰਹਿੰਦਾ ਹੈ, ਏਥੇ ਜੰਮਿਆ

ਉੱਖੜੇ ਰੁੱਖੜੇ ਨੇ ਜੜ੍ਹਾਂ ਮੁੜ ਕੇ ਫੜ ਲਈਆਂ
ਬੇਗਾਨੀ ਮਿੱਟੜੀ ਅੰਦਰ
ਹੁਣ ਮੈਂ ਇਥੇ ਤੇ ਓਥੇ ਵੀ ਰਹਿੰਦਾ ਹਾਂ

* ਨਬੀ -ਨਵਰੋਜ਼- ਮੇਰਾ ਛੋਟਾ ਪੁੱਤ

ਲੰਦਨ ਪਾਰਕ ਦਾ ਮੋਰ

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਕੂਕਾਂ ਵਿੰਨ੍ਹ ਛੱਡੀ ਰਾਤ, ਲਹੂ ਸਿੰਮਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਰੰਗ ਹੱਸਦਾ ਰਿਹਾ, ਰੰਗ ਰੋਂਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਪਿੰਡੇ ਕੰਬਣੀ ਛਿੜੇ, ਜੱਗ ਹੱਸਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਕਿਥੇ ਅੰਬਾਂ ਦਾ ਹੈ ਬੂਰ, ਇਹੋ ਲਭਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਕਦੇ ਮੁੱਕੀ ਨ ਝੜੀ, ਮੀਂਹ ਵਰ੍ਹਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਪਿਆਸ ਮਚਦੀ ਨੂੰ ਸੀਨੇ ਵਿਚ ਦੱਬਦਾ ਰਿਹਾ।

ਬਾਗੀਂ ਮੋਰ ਬੋਲੇ ਦਿਲ ਖੁੱਸਦਾ ਪਿਆ
ਮਿੱਠੀ ਕੈਦ ਵਿਚ ਬੰਦ, ਪੱਰ ਤੋਲਦਾ ਰਿਹਾ।

ਜੰਗਲ਼ੇ ਚ ਪੈਲ ਪਾਈ ਸਾਰਿਆਂ ਨੇ ਦੇਖੀ
ਨਾਲ਼ੇ ਝੁਰਦਾ ਰਿਹਾ, ਨਾਲ਼ੇ ਨੱਚਦਾ ਰਿਹਾ॥

ਤੱਕਣੀ

ਤੱਕਣੀ ਸਿੱਧੀ ਨਹੀਂ ਸੀ
ਦੇਖ ਰਹੀ ਸੀ
ਦਿਸਹੱਦਾ ਕਿੱਥੋਂ ਤਕ ਹੈ
ਦੇਖ ਰਹੀ ਸੀ ਨਾਲ਼ੇ ਸੋਚ ਰਹੀ ਸੀ
ਟੁੱਟੀਆਂ ਤੰਦਾਂ ਗੰਢ ਰਹੀ ਸੀ
ਰੰਗ ਨੂੰ ਉਹਦੇ ਰੰਗ ਵਿਚ ਦੇਖ ਰਹੀ ਸੀ

ਨਿਰਮੋਹੀ ਤੱਕਣੀ
ਨਿੱਕੀ ਨਿੱਕੀ ਗੱਲੋਂ ਭਿੱਜਣਹਾਰੀ
ਰਾਂਝੇ ਦੀ ਮੱਝੀਂ ਦੀ ਅੱਖ ਸੀ
ਸੋਹਣੀ ਨੇ ਸੀ ਕੱਜਲਾ ਪਾਇਆ
ਤੀਜਾ ਨੇਤਰ ਤਾੜੇ ਲੱਗਾ
ਜਾਗਦੀ ਅੱਖ ਵੀ ਸੁੱਤੀ ਪਈ ਸੀ

ਉੜਦੇ ਹਾਥੀ ਧਰਤੀ ਉਤਰੇ
ਮੀਂਹ ਵਿਚ ਭਿੱਜਦੇ ਸੁੱਤੇ ਹੋਏ ਸਨ
ਸਭ ਮੁਸਾਫ਼ਿਰ ਜਾ ਚੁੱਕੇ ਸਨ
ਦੇਸਾਂ ਨੂੰ ਪਰਦੇਸਾਂ ਨੂੰ
ਖੁਰਾ ਉਨ੍ਹਾਂ ਦਾ ਨੱਪਦੀ ਤੱਕਣੀ ਇਕ ਪਲ ਠਹਿਰੀ
ਤੱਕਣੀ ਸਿੱਧੀ ਨਹੀਂ ਸੀ

ਭਾਂ ਭਾਂ ਕਰਦੇ ਟੇਸ਼ਣ ਉੱਤੇ ਰੱਬ ਦਾ ਬੰਦਾ ਕੱਲਾ ਸੀ
ਘੜੀ ਵੀ ਕੱਲੀ ਘੜੀ 'ਤੇ ਬੈਠਾ ਪੰਛੀ ਕੱਲਾ
ਹਰ ਕੋਈ ਮਹਿੰਗਾ ਬਹੁਤਾ ਅਪਣਾ ਕਰਮ ਕਮਾਉਂਦਾ ਸੀ

ਦੇਖ ਰਹੀ ਸੀ ਤੱਕਣੀ   ਸਿੱਧੀ ਨਹੀਂ ਸੀ

ਇਸ ਮੁਲਕ ਵਿਚ

ਇਸ ਮੁਲਕ ਵਿਚ ਪਰਦੇਸੀ ਯਾਦਾਂ ਭੁੱਲਦਾ ਹੈ ਭੁੱਲਦਾ ਰਹਿੰਦਾ ਹੈ ਭੁੱਲ ਜਾਂਦਾ ਹੈ
ਇਸ ਮੁਲਕ ਵਿਚ ਪਰਦੇਸੀ
ਅਪਣੀ ਬੋਲੀ ਵਿਚ ਚੁੱਪ ਹੁੰਦਾ ਹੈ ਚੁੱਪ ਰਹਿੰਦਾ ਹੈ ਚੁੱਪ ਹੋ ਜਾਂਦਾ ਹੈ

ਹਵਾ ਉਹਦੀ ਚੁੱਪ ਦਾ ਅੰਗਰੇਜ਼ੀ ਵਿਚ ਤਰਜਮਾ ਕਰਦੀ ਹੈ –
ਕਦੇ ਕਹਿੰਦੀ ਹੈ – ਬਰਫ਼ ਦੀਆਂ ਕਣੀਆਂ ਪੈਂਦੀਆਂ ਹਨ
ਕਦੇ ਕਹਿੰਦੀ ਹੈ – ਸੁੱਕੇ ਪੱਤੇ ਝੜਦੇ ਹਨ
ਕਦੇ ਕਹਿੰਦੀ ਹੈ – ਸਮੁੰਦਰ ਦੀ ਛੱਲ ਮੁੜ ਰਹੀ ਹੈ
ਦਰਿਆ ਉਤਰ ਰਿਹਾ ਹੈ
ਚਾਹ ਠੰਢੀ ਹੋ ਰਹੀ ਹੈ
ਤਸਵੀਰਾਂ ਪੀਲ਼ੀਆਂ ਪੈ ਰਹੀਆਂ ਹਨ

ਇਸ ਮੁਲਕ ਵਿਚ ਬੰਦੇ ਨੂੰ ਹੋਣਾ ਨਹੀਂ ਚਾਹੀਦਾ
ਇਥੇ ਉਹ ਪਰਦੇਸੀ ਹੋਈ ਜਾਂਦਾ ਹੈ
ਇਸ ਮੁਲਕ ਵਿਚ ਪਰਦੇਸੀ ਬੇਗਾਨੇ ਨੂੰ ਅਪਣਾ ਮੰਨਣ ਲਗਦਾ ਹੈ
ਮੰਨਦਾ ਰਹਿੰਦਾ ਹੈ ਮੰਨ ਬੈਠਦਾ ਹੈ

ਇਸ ਮੁਲਕ ਵਿਚ ਪਰਦੇਸੀ ਸੂਟ ਨਾਲ਼ ਮੌਜੇ ਪਾਉਂਦਾ ਹੈ
ਇਸ ਮੁਲਕ ਵਿਚ ਕਾਲਚਕ੍ਰ ਦਾ ਇਕ ਦੰਦਾ ਭੁਰ ਜਾਂਦਾ ਹੈ
ਘੜੀ ਅੱਗੇ ਨਹੀਂ ਤੁਰਦੀ
ਤਵਾ ਘੁੰਮਦਾ ਰਹਿੰਦਾ ਹੈ ਸੂਈ ਅੱਗੇ ਨਹੀਂ ਤੁਰਦੀ

ਇਸ ਮੁਲਕ ਵਿਚ ਪਰਦੇਸੀ ਨੂੰ ਪਤਾ ਨਹੀਂ ਹੁੰਦਾ ਕਿ ਉਹ ਕੀ ਕਰਦਾ ਹੈ
ਕੀ ਕਰਦਾ ਰਹਿੰਦਾ ਹੈ
ਉਹ ਅਣਜਾਣ ਰਹਿੰਦਾ ਹੈ ਅਣਜਾਣੇ ਵਿਚ

ਪਰਦੇਸੀ ਢੋਲਾ

ਇਸ ਮੁਲਕ ਵਿਚ ਪਰਦੇਸੀ
ਅਪਣੇ ਪਹਿਲੇ ਪਾਸਪੋਰਟ ਦੀ ਫ਼ੋਟੋ ਵਿਚ ਲੱਗਿਆ ਸੁਪਨਾ
ਮੁੜ ਮੁੜ ਦੇਖਣ ਲਗਦਾ ਹੈ ਦੇਖਦਾ ਰਹਿੰਦਾ ਹੈ ਤੇ ਉਸਤੋਂ ਡਰਨ ਲਗਦਾ ਹੈ
ਡਰਦਾ ਰਹਿੰਦਾ ਹੈ

ਇਸ ਮੁਲਕ ਵਿਚ ਪਰਦੇਸੀ
ਹੈਰਾਨ ਹੁੰਦਾ ਹੈ –
ਉਹਦੇ ਪਿੰਡ ਦੇ ਘਰ ਵਾਲ਼ੀ ਬੀਹੀ ਕਿੰਨੀ ਲੰਬੀ ਹੈ
ਉਹ ਬੀਹੀ ਵਿਚ ਵੜਦਾ ਹੈ
ਤਾਂ ਚੰਦਰਮਾ ਉਹਦੇ ਨਾਲ਼ ਨਾਲ਼ ਚਲਦਾ ਹੈ
ਉਹ ਚੰਦਰਮੇ ਦੇ ਨਾਲ਼ ਨਾਲ਼ ਚਲਦਾ ਹੈ
ਉਹ ਉਸ ਬੀਹੀ ਵਿਚ ਚਲਦਾ ਰਹਿੰਦਾ ਹੈ ਸਵੇਰ ਹੋਣ ਤਕ
ਇਸ ਮੁਲਕ ਦਾ ਪਰਦੇਸੀ

ਵੀਕਐਂਡ ਸਫ਼ਰ

ਸੜਕ ਦੀ ਕਿਤਾਬ ਸਫ਼ਾ-ਦਰ-ਸਫ਼ਾ ਖੁੱਲ੍ਹਦੀ ਜਾਂਦੀ ਹੈ

ਅਨ੍ਹੇਰੇ ਵਿਚ ਮੋਟਰਵੇਅ 'ਤੇ ਬਰਫ਼ ਪੈਣ ਲੱਗੀ ਹੈ
ਚੁਪਚਾਪ ਸ਼ਾਂਤ

ਕੋਚ ਦੇ ਡਰਾਈਵਰ ਨੇ
ਵਰ੍ਹਿਆਂ ਮਗਰੋਂ ਪੱਗ ਬੰਨ੍ਹਣੀ ਸ਼ੁਰੂ ਕੀਤੀ ਹੈ
ਇਹਦੇ ਮੱਥੇ 'ਤੇ ਤੀਉੜੀਆਂ ਹਨ
ਜਿਨ੍ਹਾਂ ਇਹਦੀਆਂ ਬਾਹਵਾਂ ਤੇ ਪੈਰਾਂ ਨੂੰ ਕੱਸਿਆ ਹੋਇਆ ਹੈ

ਸਵਾਰੀਆਂ ਬੈਠੀਆਂ ਹਨ ਚੁੱਪਚਾਪ
ਕੋਚ ਦੀਆਂ ਲਾਈਟਾਂ ਵਿਚ ਡਿਗ ਰਹੀ ਬਰਫ਼ ਨੂੰ ਦੇਖਦੀਆਂ

ਧੌਲ਼ੇ ਵਾਲ਼ਾਂ ਵਾਲ਼ੀ ਔਰਤ ਸੋਚ ਰਹੀ ਹੈ
ਤੇ ਅਪਣੇ ਆਪ ਨੂੰ ਆਖਦੀ ਹੈ -
ਬਾਹਰ ਬਰਫ਼ ਪੈ ਰਹੀ ਹੈ

ਗਰਭਵਤੀ ਕੁੜੀ ਸੋਚ ਰਹੀ ਹੈ
ਤੇ ਅਪਣੇ ਆਪ ਨੂੰ ਆਖਦੀ ਹੈ -
ਬਾਹਰ ਬਰਫ਼ ਪੈ ਰਹੀ ਹੈ

ਸੁਹਣੇ ਗੁੰਦੇ ਹੋਏ ਵਾਲ਼ਾਂ ਵਾਲ਼ਾ ਮੁੰਡਾ ਸੋਚ ਰਿਹਾ ਹੈ
ਤੇ ਅਪਣੇ ਆਪ ਨੂੰ ਆਖਦਾ ਹੈ -
ਬਾਹਰ ਬਰਫ਼ ਪੈ ਰਹੀ ਹੈ

ਚੁਪਚਾਪ ਸ਼ਾਂਤ
ਅਨ੍ਹੇਰੇ ਵਿਚ ਮੋਟਰਵੇਅ 'ਤੇ ਵਾਪਸ ਘਰਾਂ ਨੂੰ ਜਾ ਰਹੀ ਹੈ ਕੋਚ

ਸੜਕ ਦੀ ਕਿਤਾਬ ਸਫ਼ਾ-ਦਰ-ਸਫ਼ਾ ਬੰਦ ਹੁੰਦੀ ਜਾਂਦੀ ਹੈ॥

ਆਈਲ ਆੱਵ ਵ੍ਹਾਈਟ ਦੀ ਸਵੇਰ

ਘੋੜਾ ਸੋਚੀਂ ਪਿਆ ਘਾਹ ਚਰਦਾ ਸੀ
ਜਾਂ ਧਰਤੀ ਨਾ' ਗੱਲਾਂ ਕਰਦਾ ਸੀ

ਗਾਂ ਰੰਭਦੀ ਸੀ

ਘੁੱਗੀ ਗੁਟਕੀ

ਰੁੱਖ ਦੇ ਪੱਤਿਆਂ ਭਰਿਆ ਹੁੰਗਾਰਾ

ਏਨੀ ਚੁੱਪ ਕਿ ਦਿਲ ਅਪਣੇ ਦੀ ਧੜਕਣ ਸੁਣਦੀ ਸੀ

ਕਿੱਧਰੋਂ ਆਇਆ ਜਹਾਜ਼ ਹਵਾਈ
ਖੌਰੂ ਪਾ ਕੇ ਚਲੇ ਗਿਆ

ਬੱਚਿਆਂ ਨੂੰ ਛੁੱਟੀਆਂ ਸਨ
ਉਹ ਹਾਲੇ ਉੱਠੇ ਨਹੀਂ ਸਨ

ਮੋਟਰਵੇਅ

ਰੀਲ ਲਾਉਂਦਾ ਹਾਂ ਕਾਰ ਵਿਚ
ਯਮਨ ਰਾਤ ਦਾ ਰਾਗ ਵੱਜਣ ਲਗਦਾ ਹੈ

ਇਥੇ ਹੈ ਦੂਜਾ ਪਹਿਰ
ਸੋਚਦਾ ਹਾਂ ਰਾਤ ਪਈ ਹੋਵੇਗੀ ਨਕੋਦਰ ਵਿਚ
ਸੁੰਞੀ ਸੜਕ ਕੰਢੇ ਸੁੱਤਾ ਹੋਵੇਗਾ ਘਰ
ਜਿਥੇ ਮੇਰੇ ਸੁਪਨੇ ਜਵਾਨ ਹੋਏ ਸਨ

ਰਾਤ ਦਾ ਰਾਗ ਦਿਨੇਂ ਵੱਜਦਾ ਹੈ ਪਰਦੇਸ ਵਿਚ
ਵੇਲੇ ਤੋਂ ਅੱਗੇ ਹੁੰਦਾ ਹੈ ਪਰਦੇਸੀ
ਉਹ ਦਿਨ ਨੂੰ ਰਾਤ ਕਰ ਲੈਂਦਾ ਹੈ ਪਰਦੇਸ ਵਿਚ

ਕਾਲ਼ ਤੋਂ ਖੁੰਝੀ ਸੁਰ ਆਲਾਪ ਕਰਦੀ ਹੈ
ਛਾਂ ਤੋਂ ਵਿਛੜੀ ਵਿਹੜੇ ਦੀ ਬੇਰੀ ਗਾਉਂਦੀ ਹੈ
ਹੁਣ ਹਉਕੇ ਨਹੀਂ ਆਉਂਦੇ

ਯਾਦਾਂ ਨਾ਼ਲ ਲੱਦੀ ਕਾਰ ਨੱਸੀ ਜਾਂਦੀ ਹੈ
ਮੋਟਰਵੇਅ 'ਤੇ
ਨਾ਼ਲ ਸੰਗਤ ਕਰਦੀ ਹੈ ਆਵਾਜ਼
ਕਾਸ਼ੀਨਾਥ ਬੋਦਾਸ ਦੀ

ਅਮੀਨ ਮੁਗ਼ਲ

ਅਮੀਨ ਮੁਗ਼ਲ ਨੱਚ ਰਿਹਾ ਹੈ
ਇੱਕੋ ਥਾਂ ਉਛਲੀ ਜਾਂਦਾ
ਜਿੱਦਾਂ ਰਬੜ ਦਾ ਬਾਵਾ ਹੋਵੇ
ਟੱਪਦਾ ਰਿਹਾੜ ਕਰਦਾ ਬੱਚਾ ਹੋਵੇ

ਅਮੀਨ ਮੁਗ਼ਲ ਸ਼ਰਾਬੀ ਹੈ
ਪਰ ਅਮੀਨ ਮੁਗ਼ਲ ਖ਼ੁਸ਼ ਨਹੀਂ
ਇਸੇ ਲਈ ਅਮੀਨ ਮੁਗ਼ਲ ਨੱਚ ਰਿਹਾ ਹੈ

ਖ਼ਿਆਲਾਂ ਦੀ ਗਰਾਰੀ ਹੋਰ ਤੇਜ਼ ਘੁੰਮਣ ਲੱਗੀ ਹੈ
ਅਮੀਨ ਮੁਗ਼ਲ ਸੋਚ ਰਿਹਾ ਹੈ

ਖ਼ੁਦਾ ਤੋਂ ਨਹੀਂ ਖ਼ੁਦ ਤੋਂ ਡਰਦਾ ਬੰਦਾ ਨੱਚ ਰਿਹਾ ਹੈ
ਅਮੀਨ ਮੁਗ਼ਲ ਹੱਸ ਰਿਹਾ ਹੈ

ਜੰਮਣ-ਭੋਂ

ਅਮੀਨ ਮੁਗ਼ਲ ਦੇ ਨਾਂ

ਜੰਮਣ-ਭੋਂ ਛੱਡ ਗਏ ਬੰਦੇ ਨੂੰ ਕਦੇ ਗ਼ੈਰਹਾਜ਼ਿਰ ਨਹੀਂ ਸਮਝਦੀ।
ਛੱਡ ਕੇ ਆਏ ਬੰਦੇ ਨੂੰ ਕਦੇ ਪਤਾ ਨਹੀਂ ਲਗਦਾ
ਕਿ ਉਹ ਕਿਤੇ ਆਇਆ ਜਾਂ ਗਇਆ ਨਹੀਂ
ਉਹ ਕਿਤੇ ਛੱਡ ਕੇ ਨਹੀਂ ਜਾਣ ਜੋਗਾ
ਉਹ ਓਤੇ ਹੀ ਕਿਤੇ ਹੁੰਦਾ ਹੈ ਅਪਣੇ ਹੋਣ ਦੀ ਖੇਡ ਵਿਚ ਲੱਗਾ
ਜੰਮਣ-ਭੋਂ ਇਹਾ ਸੋਚਦੀ ਹੈ

ਪਰ ਜੰਮਣ-ਭੋਂ ਛੱਡ ਕੇ ਆਇਆ ਬੰਦਾ
ਨਾਸਮਝੀ ਚ ਅਪਣੇ ਆਪ ਨੂੰ ਕੋਸਦਾ ਰਹਿੰਦਾ ਹੈ
ਔਂਸੀਆਂ ਉਹਨੂੰ ਰਾਹ ਦੇਣੋਂ ਹਟ ਜਾਂਦੀਆਂ ਹਨ
ਈਦ ਦੇ ਚੰਨ ਨੂੰ ਅਪਣੇ ਘਰ ਦਾ ਰਸਤਾ ਭੁੱਲਣ ਲਗਦਾ ਹੈ
ਤੇ ਕਿਸੇ ਰੇਲ ਅਸਟੇਸ਼ਨ ਦੀ ਬੈਂਚ 'ਤੇ ਬੈਠੇ ਗੱਡੀ ਉਡੀਕਦਿਆਂ
ਆਖ਼ਿਰ ਇਕ ਦਿਨ ਉਹਦਾ ਦਿਲ ਵੀ ਉਹਦਾ ਸਾਥ ਛੱਡ ਜਾਂਦਾ ਹੈ

ਜੰਮਣ-ਭੋਂ ਛੱਡ ਕੇ ਆਏ ਬੰਦੇ ਦਾ ਇਹੀ ਹਸ਼ਰ ਹੁੰਦਾ ਹੈ
ਪਰ ਜੰਮਣ-ਭੋਂ ਛੱਡ ਕੇ ਚਲੇ ਗਏ ਬੰਦੇ ਨੂੰ ਕਦੇ ਗ਼ੈਰਹਾਜ਼ਿਰ ਨਹੀਂ ਸਮਝਦੀ।

ਬੂਹਾ

ਬੂਹਾ ਕਾਹਦਾ   ਸੁੱਕਾ ਰੁੱਖ ਸੀ
ਧੁੱਪਾਂ ਤੇ ਮੀਹਾਂ ਦਾ ਝੰਬਿਆ
ਰੰਗ ਰੂਪ ਸੀ ਨੁੱਚੜ ਚੁੱਕਾ

ਪੱਲੜਿਆਂ ਵਿਚ ਕਿੱਲ ਠੁਕੇ ਜੰਗਾਲੇ
ਕੰਧ ਨੇ ਚੌਖਟ ਸਾਂਭ ਕੇ ਰੱਖੀ
ਕੰਧ ਖੜ੍ਹੀ ਸੀ ਰੱਬ ਆਸਰੇ

ਬੂਹਾ ਕੰਧ ਬਣਿਆ ਸੀ

ਕਬਜ਼ੇ ਟੁੱਟੇ   ਰੱਸੀ ਲਟਕੇ
ਤਾਲ਼ਾ ਲੱਗਿਆ   ਹੋਇਆ ਕਾਲ਼ਾ
ਨਾ ਕੁੰਜੀ   ਨ ਕੁੰਜੀ ਵਾਲ਼ੇ

ਸਿਖਰ ਦੁਪਹਿਰਾ
ਬਾਹਰ ਬਿੱਲੀ ਅਤੇ ਬਲੂੰਗੇ
ਸੁੱਤੇ ਪਏ ਸੀ ਛਾਂ ਭਾਲ਼ ਕੇ

ਵਿਚ ਪਰਦੇਸ ਦੇ
ਰਸਤੇ ਜਾਂਦੇ ਰਾਹੀ
ਜੋ ਬੂਹਾ ਡਿੱਠਾ
ਉਹ ਤਾਂ ਉਹਦੇ ਘਰ ਦਾ ਹੀ ਸੀ
ਛੱਡ ਕੇ ਆਇਆ ਵਰ੍ਹਿਆਂ ਪਹਿਲਾਂ
ਜੁੱਗੜੇ ਬੀਤੇ
ਹੁਣ ਨਾ ਖੁੱਲ੍ਹਣਾ

ਘਰ ਦਾ ਬੂਹਾ ਕੰਧ ਬਣਿਆ ਹੈ

ਰੇਲਗੱਡੀ ਦੇ ਮੁਸਾਫ਼ਿਰ

1

ਚਲਦੀ ਰੇਲਗੱਡੀ ਚ ਮੁਸਾਫ਼ਿਰ ਸੁੱਤੇ ਪਏ ਹਨ

ਨੀਲੀ ਬੱਤੀ ਦੀ ਜਾਗਦੀ ਲੋਅ ਵਿਚ ਇੰਜ ਲਗਦੇ ਹਨ
ਜਿਵੇਂ ਡੱਬੇ ਚ ਕੱਚ ਦੀਆਂ ਮੂਰਤਾਂ ਰੂੰ ਵਿਚ ਰੱਖੀਆਂ ਹੋਣ
ਟੁੱਟਣ ਦੇ ਡਰੋਂ

ਇਸ ਵੇਲੇ ਮੁਸਾਫ਼ਿਰਾਂ ਨੂੰ ਟੁੱਟਣ ਦਾ ਡਰ ਨਹੀਂ
ਸੁਪਨੇ ਵਿਚ ਹੁਣ ਇਹ ਪਟੜੀ ਦੇ ਨੱਠੇ ਜਾਂਦੇ ਡੱਬੇ ਚ ਨਹੀਂ
ਕਿਤੇ ਹੋਰ ਹਨ

ਕਿਤੇ ਹੋਰ ਹੁੰਦਿਆਂ ਸਫ਼ਰ ਸੌਖਾ ਲੰਘ ਜਾਂਦਾ ਹੈ
ਚਲਦੀ ਰੇਲਗੱਡੀ ਚ ਮੁਸਾਫ਼ਿਰ ਸੁੱਤੇ ਪਏ ਹਨ

2

ਚਲਦੀ ਰੇਲਗੱਡੀ ਚ ਮੁਸਾਫ਼ਿਰ ਬੈਠੇ ਪੜ੍ਹ ਰਹੇ ਹਨ

ਗਾਚਨੀ ਰੰਗ ਦੀ ਲੋਅ ਵਿਚ ਇੰਜ ਲਗਦੇ ਹਨ
ਜਿਵੇਂ ਮੰਦਿਰ ਚ ਪੱਥਰ ਦੀਆਂ ਮੂਰਤੀਆਂ ਰੱਖੀਆਂ ਹੋਣ
ਮੌਤ ਦੇ ਡਰੋਂ

ਇਸ ਵੇਲੇ ਮੁਸਾਫ਼ਿਰਾਂ ਨੂੰ ਮੌਤ ਦਾ ਡਰ ਨਹੀਂ
ਕਿਤਾਬ ਪੜ੍ਹਦਿਆਂ ਹੁਣ ਇਹ ਪਟੜੀ ਦੇ ਨੱਠੇ ਜਾਂਦੇ ਡੱਬੇ ਚ ਨਹੀਂ
ਕਿਤੇ ਹੋਰ ਹਨ
ਕਿਤੇ ਹੋਰ ਹੁੰਦਿਆਂ ਸਫ਼ਰ ਸੌਖਾ ਲੰਘ ਜਾਂਦਾ ਹੈ
ਚਲਦੀ ਰੇਲਗੱਡੀ ਚ ਮੁਸਾਫ਼ਿਰ ਬੈਠੇ ਪੜ੍ਹ ਰਹੇ ਹਨ

3

ਚਲਦੀ ਰੇਲ ਗੱਡੀ ਚ ਬੈਠੇ ਮੁਸਾਫ਼ਿਰ ਮੂੰਹ ਚੁੱਕੀ ਝਾਕ ਰਹੇ ਹਨ

ਇਸ ਵੇਲੇ ਜਿਹੜੇ ਕਿਤੇ ਹੋਰ ਨਹੀਂ ਹਨ
ਉਨ੍ਹਾਂ ਦਾ ਸਫ਼ਰ ਔਖਾ ਲੰਘ ਰਿਹਾ ਹੈ
ਚਲਦੀ ਰੇਲਗੱਡੀ ਵਿਚ

ਲਸਣ

ਦੂਰ ਕਿਤੇ ਪਰਦੇਸੀਂ
ਜਦ ਕੋਈ ਵਤਨੀ ਭਉਂਦਿਆਂ ਨਜ਼ਰੀਂ ਆਵੇ
ਕੋਈ ਖ਼ੁਸ਼ੀ ਅਨੋਖੀ ਚੜ੍ਹ ਜਾਂਦੀ ਹੈ।
ਆਪਮੁਹਾਰੇ ਨਜ਼ਰਾਂ ਤੇ ਹੱਥ ਉਸ ਵਲ ਧਾਂਦੇ
ਸੁੱਖਸਾਂਦ ਪਿੰਡ ਗਵਾਂਢ ਦੀ ਗੱਲ ਦੀ ਤੰਦ ਜਿਹੀ ਫਿਰ ਜੁੜ ਜਾਂਦੀ ਹੈ।

ਸਾਨਫ਼੍ਰਾਂਸਿਸਕੋ ਦੇ ਇਕ ਪਿੰਡ ਵਿਚ
ਮੀਲਾਂਬੱਧੀ ਪਸਰੇ ਖੇਤਾਂ ਵਿਚ
ਜਦ ਖੇਤ ਮਜੂਰਨ ਬੀਬੀਆਂ ਖ਼ਾਤਿਰ
ਪੰਜਾਬੀ ਵਿਚ ਲਿਖਿਆ ਲਫ਼ਜ਼ ਲਸਣ ਜਦ ਨਜ਼ਰੀਂ ਆਇਆ
ਲੱਗਾ ਜਿਵੇਂ ਬੋਲੀ ਅਪਣੀ
ਦੂਰ ਪਰਦੇਸ ਦੀ ਧਰਤੀ ਉੱਤੇ ਖ਼ੁਸ਼ਆਮਦੀਦ ਬੁਲਾਵੇ
ਹੱਥ ਮਿਲ਼ਾਵੇ ਜੱਫੀ ਪਾਵੇ ਖ਼ੈਰ ਮਨਾਵੇ
ਇਕ ਪਲ ਲਫ਼ਜ਼ ਲਸਣ ਵੀ ਮਿਸਰੀ ਵਰਗਾ ਮਿੱਠਾ ਲੱਗਾ।

ਪਰ ਸਾਗਰੋਂ ਵਿਛੜੀ ਮੱਛਲੀ ਵਰਗੇ
ਲਫ਼ਜ਼ ਵੀ ਜੂਨ ਗੁਆ ਲੈਂਦੇ ਹਨ
ਮਾਅਨੇ ਹੋਰ ਬਣਾ ਲੈਂਦੇ ਹਨ
ਦਿਲ ਨੂੰ ਹੋਰ ਦੁਖਾ ਜਾਂਦੇ ਹਨ।

ਏਥੇ ਲਫ਼ਜ਼ ਲਸਣ ਦਾ ਮਤਲਬ –
15 ਡਾਲੇ ਰੋਜ਼ ਦਿਹਾੜੀ
ਘੜੀ ਦੀ ਟਿਕ ਟਿਕ
ਡਾਰ-ਵਿਛੁੰਨੀਆਂ ਕੂੰਜਾਂ
ਗਹਿਣੇ ਸੂਟ ਕਬੀਲੇਦਾਰੀ ਹੱਥ ਦੀਆਂ ਛਾਪਾਂ
ਪਰਲੋਭਾਂ ਤੇ ਮੋਹ ਦਾ ਭਵਜਲ
ਜਿਸ ਵਿਚ ਵਿਰਲੀ ਟਾਵੀਂ ਮੱਛੀ
ਜਾਲ਼ ਤੋਂ ਜਾਨ ਛੁਡਾ ਸਕਦੀ ਹੈ॥

ਖੇਡ

ਚੰਨ ਮਾਮਾ ਇਸ ਖੇਡ ਚ ਕਿਤੇ ਵੀ ਨਹੀਂ।

ਹੀ-ਮੈਨ ਟੈਲੀ ਦੀ ਗ਼ਾਰ ਚੋਂ ਨਿਕ਼ਲਦਾ ਹੈ
ਤਾਂ ਪੀਲ਼ੇ ਰੰਗ ਦਾ ਬਿੱਲਾ
ਤੇ ਕਲ਼ਮੂੰਹਾਂ ਮੌਨਸਟਰ
ਮਹਿਲਾਂ ਦੀਆਂ ਝੀਤਾਂ ਵਿਚ ਲੁਕ ਜਾਂਦਾ ਹੈ।

ਨਬੀ ਹਾਕਾਂ ਮਾਰਦਾ ਹੈ –
ਸ਼ੀਬਾ...ਸ਼ੀਬਾ...
ਸ਼ੀਬਾ ਕਿਤੇ ਨਹੀਂ
ਤੇ ਇਸ ਤੋਂ ਬੇਖ਼ਬਰ ਅਪਣਾ ਸਾਈਕਲ
ਨੀਂਦ ਦੀ ਸੜਕ 'ਤੇ ਦੁੜਾਉਣ ਲਗਦਾ ਹੈ।

ਹੀ-ਮੈਨ ਡੌਨਲਡ ਡੱਕ ਮਿੱਕੀ ਮਾਊਸ
ਹਲਕ, ਸਪਾਈਡਰਮੈਨ
ਇਕ ਦੂਜੇ ਦਾ ਰੂਪ ਵਟਾਉਂਦੇ
ਵਗਦੇ ਟੈਲੀ ਚ ਛਾਲ਼ਾਂ ਮਾਰਦੇ ਅਲੋਪ ਹੋ ਜਾਂਦੇ ਹਨ।

ਨਬੀ ਖੜ੍ਹਾ ਦੇਖਦਾ ਹੈ ਚੁੱਪਚਾਪ ਹੈਰਾਨ

ਚੰਨ ਚਾਨਣੀ ਇਸ ਸਾਰੀ ਖੇਡ ਚ ਕਿਤੇ ਵੀ ਨਹੀਂ
ਇਹਦੀ ਹੁਣ ਉਡੀਕ ਕਿਸਨੂੰ ਹੈ?

* ਇਹ ਸਾਰੇ ਕਿਰਦਾਰ ਬੱਚਿਆਂ ਦੀਆਂ ਅਮਰੀਕੀ ਫ਼ਿਲਮਾਂ ਦੇ ਹਨ, ਜੋ ਪਹਿਲੀ ਦੁਨੀਆ ਵਿਚ ਵੱਸਦੇ ਸਾਡੇ ਬੱਚਿਆਂ ਦੇ ਨਵੇਂ ਅਲਫ਼-ਲੈਲਾ ਤੇ ਪੰਚਤੰਤਰ ਹਨ।

...

ਬਹੁਤ ਦਿਨਾਂ ਬਾਅਦ
ਅੱਜ ਸੂਰਜ ਦਾ ਮੁੱਖ ਖਿੜਿਆ ਹੈ
ਉਹਦੀ ਮਹਿਕ ਆਖਦੀ ਹੈ –
ਬਾਹਰ ਆਓ, ਬਾਹਰ ਨਿਕਲੋ...

ਅੱਜ ਅਸੀਂ
ਰੇਲ ਦੇ ਪੁਰਾਣੇ ਪੁਲ਼ 'ਤੇ ਜਾਵਾਂਗੇ
ਅੱਜ ਅਸੀਂ ਬਹੁਤ ਖ਼ੁਸ਼ ਹੋਵਾਂਗੇ
ਕਈ ਪੁਲ਼ਾਂ ਹੇਠੋਂ ਲੰਘ ਕੇ ਆਈਆਂ ਗੱਡੀਆਂ ਨੂੰ ਦੇਖ ਕੇ

ਅਸੀਂ ਬੱਚਿਆਂ ਨਾਲ਼ ਬੱਚਿਆਂ ਵਾਂਙ ਹੈਰਾਨ ਹੋਵਾਂਗੇ –
ਕਿਥੋਂ ਆਉਂਦੀਆਂ ਹਨ ਇਹ ਗੱਡੀਆਂ
ਤੇ ਜਾਂਦੀਆਂ ਕਿਥੇ ਹਨ
ਇਨ੍ਹਾਂ ਨੂੰ ਬਣਾਉਂਦਾ ਕੌਣ ਹੈ
ਇਨ੍ਹਾਂ ਨੂੰ ਚਲਾਉਂਦਾ ਕੌਣ ਹੈ
ਕੌਣ ਭਾਗਾਂਭਰੇ ਇਨ੍ਹਾਂ ਚ ਬੈਠਦੇ ਹਨ
ਜੋ ਕੰਮਾਂ ਤੋਂ ਆਉਂਦੇ ਹਨ ਘਰਾਂ ਨੂੰ ਜਾਂਦੇ ਹਨ

ਅਸੀਂ ਬਹੁਤ ਸਾਰੇ ਪੁਲ਼ਾਂ
ਤੇ ਬਹੁਤ ਸਾਰੀਆਂ ਗੱਡੀਆਂ ਲਈ ਦੁਆ ਕਰਾਂਗੇ
ਅੱਜ ਅਸੀਂ ਰੇਲ ਦੇ ਪੁਰਾਣੇ ਪੁਲ਼ 'ਤੇ ਜਾਵਾਂਗੇ

ਬਹੁਤ ਦਿਨਾਂ ਬਾਅਦ
ਅੱਜ ਸੂਰਜ ਦਾ ਮੁੱਖ ਖਿੜਿਆ ਹੈ॥

ਅੱਜ ਦੇ ਦਿਨ ਦਾ ਲੇਖਾ

ਅੱਜ ਆਸਮਾਨ ਦਾ ਮੂਡ ਚੰਗਾ ਸੀ।

ਮੈਨੂੰ ਸਵੇਰੇ ਪੁੱਛਣ ਲੱਗਾ -
ਤੂੰ ਏਥੇ ਇਸ ਮੁਲਕ ਚ ਬੈਠਾ ਕੀ ਕਰਦੈਂ?
ਤੂੰ ਠੀਕ-ਠਾਕ ਤੇ ਹੈਂ ਨਾ?

ਮੈਂ ਉਹਨੂੰ ਦੱਸਿਆ ਤੇ ਆਖਿਆ -
ਆਸਮਾਨਾਂ, ਤੂੰ ਅੱਜ ਕੁਛ ਕਰਕੇ ਵਿਖਾ!

ਇਕਦਮ ਸੀਨ ਬਦਲਿਆ।

ਬੱਦਲ ਕੱਠਾ ਹੋਇਆ
ਬਿਜਲੀ ਲਿਸ਼ਕੀ
ਤੇ ਮੀਂਹ ਬਰਸਾ ਕੇ ਚਲਾ ਗਿਆ

ਉਸ ਚਿਨਾਰ ਦਾ ਰੰਗ ਹੋਰ ਵੀ ਗੂੜ੍ਹਾ ਹੋਇਆ

ਕੰਧਾਂ ਗਿੱਲੀਆਂ ਹੋਈਆਂ ਸੁੱਕਣ ਲੱਗੀਆਂ

ਮੈਂ ਤਾਕੀ ਖੋਲ੍ਹੀ ਰੱਖੀ ਅੱਜ ਦੇ ਦਿਨ॥

ਕਲਾਮ ਵਲੈਤੀ ਮੁੰਡੇ ਦਾ ਅਪਣੇ ਬਾਪ ਨਾਲ਼

1

ਮਨ ਦੇ ਓ ਪਰਦੇਸੀਓ
ਸਭ ਦੇਸ ਪਰਾਏ।
ਨਦੀ ਪਹਾੜੋਂ ਉਤਰੇ
ਨਾ ਮੁੜ ਕੇ ਜਾਏ।
ਉਹ ਤਾਂ ਛਾਲ਼ਾਂ ਮਾਰਦੀ
ਵਲ ਸਾਗਰ ਧਾਏ।

ਤੁਸੀਂ ਕੀ ਅਣਹੋਣੀ ਕਰਦੇ
ਨਦੀਆ ਬੰਨ੍ਹ ਕੇ
ਦਿਲ ਦੇ ਖੂਹ ਨੂੰ ਭਰਦੇ।

ਲੋਕ ਹੁੰਦੇ ਸਨ ਆਖਦੇ
ਕਿ ਮੁੜ ਕੇ ਕਦੇ ਨਾ ਆਂਵਦੇ
ਪੰਛੀ ਤੇ ਪਰਦੇਸੀ।
ਕਿਹੋ ਜਹੇ ਤੁਸੀਂ ਪੰਛੀ
ਕਿਹੋ ਜਹੇ ਪਰਦੇਸੀ
ਉਡ ਉਡ ਕੇ ਨੇ ਜਾਂਵਦੇ
ਜੋ ਅਪਣੇ ਦੇਸੀਂ।
ਦੇਸ ਤਾਂ ਯਾਰੋ ਐਸਾ ਬਣ ਹੈ
ਨਾ ਕੋਈ ਰੁੱਖ ਤੇ ਨਾ ਕੋਈ ਪੰਛੀ
ਨਾ ਕੋਈ ਅੱਖ ਸੱਜਣ ਹੈ।

2

ਕੋਈ ਤਾਂ ਹੈ ਯਾਦਾਂ ਦਾ ਮੋਢਾ
ਜਿਸ ਉੱਤੇ ਸਿਰ ਰਖ ਕੇ
ਤੁਸੀਂ ਰੋ ਸਕਦੇ ਹੋ।
ਕੋਈ ਤਾਂ ਹੈ ਯਾਦਾਂ ਦਾ ਰਸਤਾ
ਜਿਸ ਉੱਤੇ ਚਲ ਕੇ
ਤੁਸੀਂ ਹੋ ਸਕਦੇ ਹੋ।
ਪਰ ਕੀ ਕਰੀਏ
ਹੁਣ ਕਿਸ ਨੂੰ ਕਹੀਏ?
ਨਾ ਕੋਈ ਰਸਤਾ ਨਾ ਕੋਈ ਮੋਢਾ
ਰੋਣਾ ਤਾਂ ਕੀ ਅਸੀਂ ਹੋ ਨਹੀਂ ਸਕਦੇ।

ਕਦੇ ਕਦਾਈਂ ਇੰਡੀਆ ਜਾਵਾਂ
ਕੋਈ ਨ ਜਾਣੇ ਕਿਸਦਾ ਜਾਇਆ।
ਉਹ ਤਾਂ ਆਖਣ ਹੋਈ ਕੀ 'ਗਰਬਰ'
ਕੌਣ ਅੰਗਰੇਜ਼ ਫ਼ਰੰਗੀ ਗੋਰਾ
ਗਿਟਮਿਟ ਕਰਦਾ
ਸਾਹਬ ਵਲੈਤੀ ਬਾਹਰੋਂ ਆਇਆ।

ਮੈਂ ਸਾਹਬ ਵਲੈਤੀ
ਉਸ ਪਿਉ ਦਾ ਜਾਇਆ
ਜੋ ਕੋਠੀ ਬੰਗਲਿਆਂ ਸੋਨੇ ਖ਼ਾਤਿਰ
ਬੇਵਤਨਾ ਬੇਗ਼ੈਰਤ ਹੋ ਕੇ
ਦੇਸ ਬੇਗਾਨੇ ਨੱਠਾ ਆਇਆ।

ਮੇਰੀ ਬੋਲੀ ਦਾ ਹੈਂ ਕਾਤਿਲ ਤੂੰ
ਮੇਰੇ ਸੁਪਨੇ ਦਾ ਹੈਂ ਕਾਤਿਲ ਤੂੰ
ਮੇਰੇ ਹਾਸੇ ਯਾਦਾਂ ਰੀਝਾਂ ਦਾ
ਮੇਰੀ ਖ਼ੁਸ਼ਬੂ ਦਾ ਹੈਂ ਕਾਤਿਲ ਤੂੰ।

ਮੈਂ ਵੀ ਤੇਰਾ ਸੁਪਨੇ ਜਾਇਆ
ਸਵੇਰ ਪਹਿਰ ਦਾ ਸੁਪਨਾ
ਮੈਂ ਵੀ ਚਾਹਵਾਂ ਪੂਰਾ ਕਰ ਲਾਂ
ਰੂਪ ਕਹਿਰ ਦਾ ਸੁਪਨਾ।

ਮੇਰੇ ਇਸ ਸੁਪਨੇ ਦੀ ਬੋਲੀ
ਤੈਨੂੰ ਸਮਝ ਨਾ ਆਏ
ਕਿੰਜ ਤੈਨੂੰ ਸਮਝਾਵਾਂ ਆਖ਼ਿਰ
ਮੈਨੂੰ ਸਮਝ ਨਾ ਆਏ।

ਛੋਕਰਵਾਧਾ ਗ਼ਾਲ਼ਾਂ ਕਢਦਾ:
ਪਾਕੀ, ਕਾਲ਼ਾ, ਕੰਜਰ
ਨ ਕਦੇ ਦਿਖਾਏ ਤੈਨੂੰ
ਮੈਂ ਸੀਨੇ ਵੱਜਦੇ ਖ਼ੰਜਰ।

ਪਾਕੀ ਤੋਂ ਫਿਰ ਪੰਕੀ ਬਣ ਕੇ
ਬਦਲੇ ਅਪਣੇ ਨੈਮ
ਗੁਰਪਾਲ ਤੋਂ ਗੈਰੀ ਬਣਗੇ
ਸਰਬਜੀਤ ਤੋਂ ਸੈਮ।

3

ਦੇਸੋਂ ਚਲ ਕੇ ਲੰਦਨ ਉਤਰੇ
ਜੇਬੀਂ ਸਨ ਤਿੰਨ ਖ਼ਾਬ –
ਪਹਿਲਾ ਖ਼ਾਬ ਸੀ ਘਰ ਦਾ ਮਿੱਠਾ
ਦੂਜਾ ਉੱਚੀ ਜਾਬ
ਤੀਜਾ ਖ਼ਾਬ ਸੀ ਪੁਤ ਧੀਆਂ ਦਾ
ਫਸਿਆ ਵਿਚ ਅਜ਼ਾਬ।

ਸ਼ੀਸ਼ੇ ਵਾਂਙੂੰ ਤਿੜਕੇ ਸੁਪਨੇ
ਖਿਲਰੇ ਬਣ ਕੇ ਕੰਡੇ
ਪਲਕਾਂ ਨਾ' ਇਹ ਚੁਗ ਨਹੀਂ ਹੋਣੇ
ਅੰਗ ਹੋਣਗੇ ਠੰਢੇ।

ਅੱਧੀ ਉਮਰ ਤਾਂ ਸ਼ਿਫ਼ਟਾਂ ਖਾ ਲਈ
ਬਾਕੀ ਖਾ ਲਈ ਕਿਸ਼ਤਾਂ
ਨਾ ਕੋਈ ਤੇਰੇ ਦਿਲ ਦਾ ਜਾਨੀ
ਰੋਵੇਂ ਜਾ ਕੇ ਕਿਸ ਥਾਂ।

ਨਾ ਹੁਣ ਮੋਰ ਕਲਹਿਰੀ ਬੋਲੇ
ਨਾ ਚੰਨ ਚਾਨਣੀ ਖਿੜਦੀ
ਨ ਹੁਣ ਬੂਰ ਅੰਬਾਂ 'ਤੇ ਪੈਂਦਾ
ਹੁਣ ਨ੍ਹੀਂ ਜਵਾਨੀ ਭਿੜਦੀ।

ਹਰ ਪਾਸੇ ਜਦ ਕੋਈ ਨਾ ਦਿਸਦਾ
ਲੈ ਬੈਠੇਂ ਫੇਰ ਗਲਾਸੀ
ਆਪੇ ਕੈਦ ਸਹੇੜੀ ਕੋਲ਼ੋਂ
ਹੋਣੀ ਨ੍ਹੀਂ ਖ਼ਲਾਸੀ॥

ਲੰਦਨ ਦੀ ਅੱਖ

'ਲੰਡਨ ਆਈ' ਨਾਂ ਦਾ 445 ਫ਼ੁਟ ਉੱਚਾ ਪੰਘੂੜਾ, ਜਿਸ 'ਤੇ ਚੜ੍ਹਿਆਂ ਸਾਰਾ ਸ਼ਹਿਰ ਦਿਸਦਾ ਹੈ। ਇਹਨੂੰ ਬਣਾਣ ਵਾਲ਼ਿਆਂ ਦਾ ਦਾਅਵਾ ਹੈ ਕਿ ਇਹ ਦੁਨੀਆ ਦਾ ਸਭ ਤੋਂ ਵੱਡਾ ਪੰਘੂੜਾ ਹੈ

ਅੰਧੇਰੇ ਵਿਚ ਲੰਦਨ ਦੀ ਅੱਖ ਦੇਖ ਰਹੀ ਹੈ

ਮੇਰਾ ਲੰਦਨ ਤਾਂ ਘੁਰਨਾ ਹੈ ਧਰਤੀ ਦੀ ਇਸ ਗੁੱਠ ਦੇ ਅੰਦਰ

ਉਸ ਬੈਂਚ 'ਤੇ ਅਸੀਂ ਬੈਠੇ ਸਾਂ ਇਕ ਵਾਰੀ
ਅਸਾਂ ਇਕੱਠਿਆਂ ਸਾਹ ਲਿਆ ਸੀ
ਸਾਰੀ ਗੱਲ ਕਹਿ ਦਿੱਤੀ ਸੀ ਇੱਕੋ ਸਾਹੇ
ਮੈਂ ਹਾਲੇ ਵੀ ਵਿਛੜਨ ਵੇਲੇ ਦੀ ਜੱਫੀ ਵਿਚ ਹਾਂ

ਓਥੇ ਮੇਰੀ ਵੇਲ ਵਧੀ ਸੀ
ਲੱਭਾ ਸੀ ਮੈਨੂੰ ਲਾਲ ਗੁਆਚਾ

ਉਨ੍ਹਾਂ ਸੜਕਾਂ ਮੈਨੂੰ ਰਾਹ ਦਿੱਤਾ ਸੀ ਜਾਣ ਪਰਦੇਸੀ

ਉਸ ਥਾਵੇਂ ਮੇਰੇ ਮੁਰਸ਼ਦ ਦਾ ਤਕੀਆ ਹੈ
ਸਿਰ ਹੇਠ ਕਿਤਾਬਾਂ ਲੈ ਕੇ ਸੁੱਤਾ
ਜਾਗਦਾ ਸੁਪਨਾ ਦੇਖ ਰਿਹਾ ਹੈ

ਔਥੇ ਮੇਰਾ ਚੁੱਲ੍ਹਾ ਬਲ਼ਦਾ
ਦੁੱਖਾਂ ਦੀ ਰੋਟੀ ਸੜਨ ਲੱਗੀ ਹੈ   ਧੂੰਆਂ ਦੇਖੋ

ਏਸ ਅੱਖ ਚੋਂ ਟ੍ਰੇਮਜ਼ ਦਰਿਆ ਵਹਿੰਦਾ ਹੈ

ਅੰਧੇਰੇ ਵਿਚ ਲੰਦਨ ਦੀ ਅੱਖ ਦੇਖ ਰਹੀ ਹੈ

ਸਟੌਕਹੋਮ ਤੋਂ ਪਿਕਚਰ ਕਾਰਡ

ਜਹਾਜ਼ ਦਾ ਲੰਗਰ
ਕਿਨਾਰੇ 'ਤੇ ਪਿਆ
ਅਲ਼ਸਾ ਰਿਹਾ ਹੈ ਮਰਗਮੱਛ ਵਾਂਙ
ਕਿੰਨੇ ਮਾਹੌ-ਸਾਲ
ਕਿੰਨੇ ਹੱਥ
ਕਿੰਨੇ ਰੁਮਾਲ
ਏਸ ਨੇ ਨਿਗਲ਼ ਲਏ

ਜਲਪਰੀ
ਹੁਣੇ ਤ੍ਰੇਹ ਨਾਲ਼ 'ਮੱਛ ਦਾ ਪੇਟ ਚੀਰ
ਬਾਹਰ ਆਏਗੀ
ਤੇ ਪੰਖੀ ਦੇ ਪਰਾਂ 'ਤੇ ਚੜ੍ਹ
ਬੱਦਲ਼ਾਂ ਚ ਅਲੋਪ ਹੋ ਜਾਏਗੀ

ਫਿਰ ਸਾਗਰ 'ਤੇ ਮੀਂਹ ਬਰਸੇਗਾ
ਪਾਣੀ ਨੂੰ ਪਾਣੀ ਤਰਸੇਗਾ

. . .

ਨਿਕਰਾਗੁਆ ਦੇ ਇਨਕ਼ਲਾਬ ਬਾਰੇ ਪੀਟਰ ਲਿਲੀਅਨਟਾਲ ਦੀ ਜਰਮਨ ਫ਼ਿਲਮ ਦ' ਰੈਜ਼ਰੱਕਸ਼ਨ ਤੱਕਣ ਮਗਰੋਂ

ਨੀਲੀ ਨੀਲੀ ਭਾ ਮਾਰਦੀ ਬਰਫ਼ ਦੀ ਤਿਲ੍ਹਕਣ
ਸੰਭ਼ਲ ਸੰਭ਼ਲ ਤੁਰਨਾ ਕਿੰਜ ਲਗਦਾ ਹੈ

ਹਰ ਪਾਸੇ ਨੇਰ੍ਹਾ ਛਾਂਦਾ ਜਾਂਦਾ
ਕਿਸੇ ਨਾ' ਅੱਖ ਮਿਲਾਉਣ ਦੀ ਸ਼ਰਮ ਨਹੀਂ ਹੈ।

ਹੁਣੇ ਹੁਣੇ ਮੈਂ ਕੱਲਾਕਾਰਾ ਫ਼ਿਲਮ ਦੇਖ ਕੇ ਆਇਆਂ
-ਜਾਗ ਮੋਇਆਂ ਦੀ-
ਲੋਕ ਜੋ ਮੁੜ ਫਿਰ ਜੀਉਂਦੇ ਹੋ ਗਏ।

ਇਹ ਨਾਅਰਾ ਤਾਂ ਫੁੱਲ ਬਣ ਕੇ ਖਿੜਿਆ
ਬੰਦੂਕ ਦੀ ਨਾ਼ਲੀ ਉੱਤੇ ਟੰਗਿਆ ਹੋਇਆ।

ਇਕ ਨਾਅਰਾ ਜੋ ਖਿੜ ਨਾ ਸਕਿਆ
ਸੰਘ ਵਿਚ ਰੁਕਿਆ
ਮੇਰੇ ਅੰਦਰ ਜ਼ਖ਼ਮ ਜੋ ਬਣਿਆ
ਨਿਕਰਾਗੁਆ ਕਾਮਯਾਬ ਜੋ ਹੋ ਨਹੀਂ ਸਕਿਆ
ਨ ਮੋਇਆ ਨਾ ਜੀਉਇਆ।

ਨੀਲੀ ਨੀਲੀ ਭਾ ਮਾਰਦੀ ਬਰਫ਼ ਦੀ ਤਿਲ੍ਹਕਣ
ਸੰਭ਼ਲ ਸੰਭ਼ਲ ਤੁਰਨਾ ਕਿੰਜ ਲਗਦਾ ਹੈ

ਫ਼ਰਾਂਕਫ਼ੁਰਟ, ਜੁਲਾਈ 1980

...

ਕਿਵੇਂ ਮਿਲ਼ੇਗੀ ਮੁਕਤੀ ਮੈਨੂੰ ਯਾਦਾਂ ਤੋਂ।

ਕਿਸੇ ਤਰ੍ਹਾਂ ਇਹ ਯਾਦਾਂ ਚਿੱਠੀਆਂ ਹੋ ਜਾਵਣ
ਚੁੱਕਾਂ, ਪੜ੍ਹ ਕੇ ਰਖ ਦਿਆਂ, ਜਦ ਦਿਲ ਕਰੇ
ਕਿਸੇ ਤਰ੍ਹਾਂ ਇਹ ਯਾਦਾਂ ਚਿੜੀਆਂ ਹੋ ਜਾਵਣ
ਉਡ ਉਡ ਕੇ ਮੁੱਕ ਜਾਵਣ, ਨ ਕੋਈ ਹੰਝ ਭਰੇ

ਲੱਖ ਚਾਹਿਆ ਇਹ ਸ਼ਹਿਰ ਮੇਰਾ ਜੇ ਹੋ ਜਾਵੇ
ਇਹ ਸੜਕਾਂ ਇਹ ਮੀਂਹ ਵਿਚ ਭਿੱਜੀਆਂ ਰੋਸ਼ਨੀਆਂ
ਭਰ ਲੈਣ ਕਲ਼ਾਵੇ ਵਿਚ ਮੈਨੂੰ
ਨ ਕੋਈ ਯਾਦ ਰਹੇ ਨ ਸੁਧ ਰਹੇ

ਜਦ ਵੀ ਤੁਰਦਾਂ ਪੈਰੀਂ ਟੇਪਾਂ ਉਲ਼ਝਦੀਆਂ
ਗੀਤ ਪੁਰਾਣੇ ਰੁਲ਼ਦੇ ਫਿਰਦੇ ਰਾਹਵਾਂ 'ਤੇ
ਜਦੋਂ ਜਹਾਜ਼ ਹਵਾਈ ਸਿਰ ਤੋਂ ਲੰਘਦਾ ਹੈ
ਸਿੱਧਾ ਦਿਲ ਵਿਚ ਆ ਕੇ ਲਹਿੰਦਾ ਹੈ
ਮਨ ਖੁੱਸਦਾ ਸੋਚੀਂ ਪੈਂਦਾ ਮੁੜ-ਮੁੜ ਕਹਿੰਦਾ ਹੈ –
ਇਹ ਕਿਉਂ ਆਇਆ ਇਨ ਕਿਥੇ ਜਾਣਾ ਸੀ

ਘੁੱਗੀ ਦੀ ਆਵਾਜ਼ ਕੰਨੀਂ ਜਦ ਪੈਂਦੀ ਹੈ
ਵਰ੍ਹਿਆਂ ਦੇ ਖੰਭ ਸੁੰਗੜ ਕੇ ਰਹਿ ਜਾਂਦੇ ਨੇ
ਚਿੰਤਾ ਵਿਚ ਕੋਈ ਪੰਛੀ ਕੰਬ-ਕੰਬ ਜਾਂਦਾ ਹੈ
ਨ ਉਡਦਾ ਨ ਕੂੰਦਾ ਤੇ ਨ ਗਾਉਂਦਾ ਹੈ
ਏਹੀ ਰਿਹਾ ਜੇ ਹਾਲ ਮੈਂ ਪਾਗਲ ਹੋ ਜਾਣਾ
ਕਿਵੇਂ ਮਿਲ਼ੇਗੀ ਮੁਕਤੀ ਮੈਨੂੰ ਯਾਦਾਂ ਤੋਂ

ਨਹੀਂ ਇਹ ਯਾਦ ਨਹੀਂ ਹੈ ਕੋਈ

ਨਹੀਂ ਇਹ ਯਾਦ ਨਹੀਂ ਹੈ ਕੋਈ

ਯਾਦ ਤਾਂ ਹੁੰਦੀ ਜਿਸ ਨੂੰ ਕਰਕੇ
ਦਿਲ ਮਚਲੇ ਅੱਖ ਲਿਸ਼ਕੇ

ਯਾਦ ਤਾਂ ਹੁੰਦੀ
ਨੀਲੀ ਤਿਤਲੀ
ਪਲਕਾਂ 'ਤੇ ਜੋ ਆ ਕੇ ਬਹਿੰਦੀ
ਯਾਦਾਂ ਅੰਦਰ ਯਾਦਾਂ ਬੁਣਦੀ

ਯਾਦ ਤਾਂ ਹੁੰਦੀ –
ਕੌਲ ਮਹਿੰਦੀ ਦਾ
ਅੰਬ ਦਾ ਬੂਟਾ
ਮੋਰ ਦੀ ਪਾਇਲ
ਚਿੱਟਾ ਹੰਸ
ਤੇ ਕਾਲ਼ੀ ਬੱਦਲ਼ੀ

ਨਹੀਂ ਇਹ ਯਾਦ ਨਹੀਂ ਹੈ ਕੋਈ
ਇਹ ਤਾਂ ਚੇਤੇ ਦੇ ਬੂਹੇ 'ਤੇ ਦਸਤਕ
ਜੋ ਸਦਾ ਹੀ ਖੁੱਲ੍ਹਾ ਰਹਿੰਦਾ
ਚਿੰਤਾ ਦੀ ਕੋਈ ਨੇਰ੍ਹੀ ਵਗਦੀ
ਠਕ ਠਕ ਕਰਦਾ ਬੰਦ ਨ ਹੁੰਦਾ
ਨਾ ਕੋਈ ਅੰਦਰ ਰਹਿੰਦਾ

ਸੰਝ-ਸਵੇਰੇ ਭਰੇ ਬਾਜ਼ਾਰੀਂ
ਮਘੀ ਹੋਈ ਮਹਫ਼ਿਲ ਦੇ ਵਿੱਚੋਂ
ਨਾਲ਼ ਪਏ ਸੱਜਣ ਦੀ ਨਜ਼ਰ ਚੁਰਾ ਕੇ
ਸੇਜ ਤੋਂ ਪੋਲੇ ਪੈਰੀਂ ਉਠ ਕੇ

ਪਰਦੇਸੀ ਢੋਲਾ

ਮਨ ਅੱਥਰਾ ਦੂਰ ਵੀਰਾਨੇ ਰਾਹਵਾਂ 'ਤੇ ਦੌੜਨ ਲਗਦਾ
ਬੋੜੇ ਘਰ ਦੀਆਂ ਦੀਵਾਰਾਂ ਨਾ' ਜਾ ਜਾ ਖਹਿੰਦਾ
ਨਾ.ਲ ਕਬੂਤਰਾਂ ਗੱਲਾਂ ਕਰਦਾ
ਜਿਨ੍ਹਾਂ ਕੋਠੜੀ ਅੰਦਰ ਆਲ੍ਹਣੇ ਪਾਏ
ਫ਼ਰਸ਼ਾਂ ਅਤੇ ਕਿਤਾਬਾਂ
ਬਿੱਠਾਂ ਕਰ ਕਰ ਮੈ.ਲੀਆਂ ਕਰੀਆਂ

ਇਕਲਾਪੇ ਦੀ ਬਦਰੂਹ ਲਭਦਾ
ਜਿਸਨੇ ਜਕੜ ਸਦਾ ਹੀ ਰੱਖੀਆਂ
ਨਿੱਕੇਪਨ ਦੀਆਂ ਖੇਡਾਂ ਯਾਦਾਂ
ਜਵਾਨ ਰੁੱਤ ਦੀਆਂ ਰੀਝਾਂ

ਨਹੀਂ ਇਹ ਯਾਦ ਨਹੀਂ ਹੈ ਕੋਈ
ਮਨ ਚੰਦਰਾ ਬਸ ਭਉਂਦਾ ਫਿਰਦਾ
ਜੇਲਖ਼ਾਨੇ ਨਾ' ਸਿਰ ਟਕਰਾਉਂਦਾ
ਜਿਥੇ ਬੰਦ ਅਜੇ ਵੀ ਮੇਰੇ
ਉਮਰ ਦੇ ਕਈ ਸਾਲ ਲੰਮੇਰੇ
ਉੜਦਾ ਫਿਰੇ ਵਰੋਲ਼ਿਆਂ ਵਾਂਙੂੰ
ਪੈਲ਼ੀਆਂ ਵਿਚ ਪੁ.ਲਾਂ ਦੇ ਉੱਤੇ
ਜਿਥੇ ਯਾਰ ਸੂਰਮੇ ਮਾਰੇ ਮਾਣ-ਵਿਗੁੱਤੇ
ਖੁਰਾ ਖੋਜ ਨਾ ਮਿਲ਼ਿਆ ਜਿਨਕਾ
ਨਾ ਫ਼ਰਿਆਦ ਕਿਸੇ ਨੇ ਕੀਤੀ।

ਨਹੀਂ ਇਹ ਯਾਦ ਨਹੀਂ ਹੈ ਕੋਈ
ਇਹ ਤਾਂ ਹੈ ਕੋਈ ਟੁੱਟਦਾ ਤਾਰਾ
ਜਗ-ਬੁਝ ਦੀਵਾ ਜਾਂ ਸੂਰਜ ਅੱਗੇ ਬੱਦ.ਲੀ

ਵੀਡੀਓ ਗੇਮ

ਕੌਣ ਹੈ ਮੈਨੂੰ ਖੇਡ ਰਿਹਾ?

ਹੋਣੀ ਦੀ ਇਹ ਖੇਡ ਅਣੋਖੀ
ਕੌਣ ਅਞਾਣਾ ਖੇਲੇ ਹੈ ਨਿਤ ਪਰਦੇ ਉੱਤੇ?

ਲੰਮ-ਸਲੰਮੀ ਨਦੀ ਕਿਨਾਰੇ
ਕੱਲਮਕੱਲਾ
ਟੋਇਆਂ ਦੇ ਵਿਚ ਡਿਗਦਾ-ਢਹਿੰਦਾ
ਪੈਰਾਂ ਦੇ ਵਿਚ ਪੱਥਰ ਅੜਦੇ
ਮੂਧੇ-ਮੂੰਹ ਡਿਗ ਪੈਂਦਾਂ
ਢਹਿ ਜਾਵਾਂ ਜਿਉਂ ਖ਼ਾਕ ਦੀ ਢੇਰੀ
ਟੁਟ ਜਾਂਦਾ ਹਾਂ ਕੱਚ ਦੇ ਵਾਂਙੂ

ਫਿਰ ਉੱਠਦਾ ਹਾਂ ਟੁਕੜਾ-ਟੁਕੜਾ ਕਰ ਕੇ 'ਕੱਠਾ
ਮੁੜ ਤੁਰਦਾ ਹਾਂ ਨਦੀ ਕਿਨਾਰੇ
ਨਦੀ ਨ ਮੁੱਕਦੀ ਪੰਧ ਨ ਮੁੱਕਦਾ
ਫਿਰ ਓਹੀ ਕੁਛ ਹੁੰਦਾ ਕਿਣਕਾ-ਕਿਣਕਾ ਟੁਕੜੇ-ਟੁਕੜੇ

ਮੇਰੇ ਵਸ ਵਿਚ ਕੁਝ ਵੀ ਨਾਹੀਂ
ਤੁਰਨਾ ਖੀਣਾ ਹੋਣਾ-ਥੀਣਾ
ਮੈਂ ਕਠਪੁਤਲਾ ਡੋਰ ਤਾਂ ਉਸ ਦੇ ਹੱਥੇ
ਜੋ ਮੈਨੂੰ ਨਿਤ ਖੇਲੇ
ਮੈਂ ਨਹੀਂ ਡਿਗਦਾ
ਉਹ ਡਿਗਦਾ ਹੈ
ਮੈਂ ਨਹੀਂ ਹਰਦਾ
ਉਹ ਹਰਦਾ ਹੈ
ਜੇ ਹਰਨਾ ਮੇਰੀ ਹੈ ਹੋਣੀ
ਤਾਂ ਹਰਨਾ ਉਸਦੀ ਕਿਉਂ ਹੋਣੀ?

ਅਨੰਤ ਸਜ਼ਾ ਇਹ ਮੈਂ ਨਈਂ
ਓਹੀ ਭੋਗ ਰਿਹਾ ਹੈ

ਜੇ ਉਹ ਹੁੰਦਾ
ਸਰਬਗਿਆਤਾ
ਅਲ-ਅਲੀਮ ਮਹਾਖਿਲਾੜੀ
ਇਹ ਘਾਟੇ ਦੀ ਖੇਡ ਨਾ ਕਦੇ ਰਚਾਉਂਦਾ।
ਬਾਲ ਅਵਾਣਾ ਨਿਸਦਿਨ ਮੈਨੂੰ ਖੇਡ ਰਿਹਾ ਹੈ॥

ਪੰਜ ਮਿੰਟ ਦੀ ਫ਼ਿਲਮ ਦੀ ਕਹਾਣੀ

ਡੈਨਯੂਬ ਨਦੀ ਦੇ ਗੱਭੇ ਬੇੜੀ ਵਿਚ ਬੁੱਤ ਬਣ ਬੈਠੇ
ਮਾਛੀ ਬੁੱਢੜੀ ਤੇ ਬੱਚਾ
ਸੋਚੀ ਜਾਂਦੇ ਉਸ ਇੱਕੋ ਮੱਛੀ ਬਾਰੇ
ਜੋ ਜਾਲ਼ ਵਿਚ ਆ ਕੇ ਫਸਣੀ

ਮਾਛੀ ਅੱਭੜਵਾਹੇ ਵਾਜਾਂ ਕੱਢਦਾ
ਮੱਛੀ ਸੱਦਣ ਖ਼ਾਤਿਰ –
ਬੱਅ ਬੱਅ   ਬੱਅ ਬੱਅ

ਪਰ ਮੱਛੀ ਨਹੀਂ ਫਸਦੀ
ਜਣੇ ਹਾਰ ਕੇ ਘਰ ਨੂੰ ਤੁਰ ਜਾਂਦੇ ਹਨ

ਨੋਟ: ਇਸ ਫ਼ਿਲਮ ਚ ਕੋਈ ਸੰਗੀਤ ਨਹੀਂ, ਕਿਉਂਕਿ ਇਹ ਸਭ ਕੁਝ ਵਾਪਰਨ ਵੇਲੇ ਸੰਗੀਤ ਨਹੀਂ ਸੀ ਵਜ ਰਿਹਾ। ਇਹ ਫ਼ਿਲਮ ਸੀਪੀਆ (ਲਾਲ-ਭੂਰੇ) ਰੰਗ ਚ ਬਣਨੀ ਚਾਹੀਦੀ ਹੈ। ਇਹ ਕੌਤਕ ਮੈਂ ਹੰਗਰੀ ਦੇਸ ਗਏ ਨੇ ਦੇਖਿਆ ਸੀ।

ਇਹ ਥਾਂ

ਇਹ ਥਾਂ ਵੀ ਘਰ ਵਰਗੀ ਹੈ
ਜਿਥੇ ਮਾਂ ਦੀ ਬੁੱਕਲ਼ ਵਿਚ ਵੀ ਚੈਨ ਨਹੀਂ
ਹਰ ਸਾਹ ਕਿਸ ਦੀਆਂ ਬਿੜਕਾਂ ਲੈਂਦਾ
ਚੇਤੇ ਦਾ ਕਾਂ ਹਰ ਦਮ ਬੋਲੇ
ਕੋਈ ਨਾ ਵਿਹੜੇ ਵੜਦਾ
ਲਗਦਾ ਜਿੱਦਾਂ ਸਭ ਕੁਝ ਖੁੱਸ ਰਿਹਾ ਹੈ

ਹੀਰਾ ਜਨਮ ਅਮੁੱਲਾ, ਕੌਡੀਓਂ ਖੋਟਾ ਲਗਦਾ
ਦਿਲ ਛੋਟਾ, ਦਿਹੁੰ ਵੱਡਾ, ਤਨ ਮਿੱਟੀ ਹੁੰਦਾ ਜਾਂਦਾ
ਹਰ ਸ਼ੈਅ ਬੜੀ ਕ਼ਰੀਬ ਹੈ ਲਗਦੀ
ਚਿਤ ਕਰਦਾ ਧਾਁ ਕੇ ਜੱਫੀ ਪਾਵਾਂ
ਦਿਲ ਦਾ ਹਾਲ ਸੁਣਾਵਾਂ

ਪਰ ਹਰ ਸ਼ੈਅ ਜਿਉਂ ਛਲੇਡਾ ਦੰਦੀਆਂ ਕੱਢੇ
ਠਾਠਾਂ ਮਾਰੇ ਮ੍ਰਿਗਜਲ ਸਾਗਰ
ਅਪਣਾ-ਆਪਾ ਨਦੀ ਕਿਨਾਰੇ ਰੁੱਖੜਾ ਲਗਦਾ
ਹਰ ਛੱਲ ਖੋਰੀ ਜਾਂਦੀ ਕੰਢਾ

ਘੁੱਗੀ ਬਲ਼ਦੀ ਛਾਵੇਂ ਬੈਠੀ ਅਪਣੇ-ਆਪ ਨਾ' ਬਾਤਾਂ ਪਾਵੇ
ਮੇਰਾ ਪਿੱਛਾ ਕਰਦੀ-ਕਰਦੀ ਸੱਤ ਸਮੁੰਦਰ ਉੜ ਕੇ ਆਈ
ਸੁਪਨੇ ਅੰਦਰ ਰੋਂਦੀ ਕੋਈ ਨਾ ਚੁੱਪ ਕਰਾਵਣ ਵਾ਼ਲਾ

ਦੇਖ ਮਨਾਂ, ਇਹ ਥਾਂ ਵੀ ਘਰ ਵਰਗੀ ਹੈ...

ਇਥੇ

ਬੀਬੀ ਸਤਵੰਤ ਕੌਰ ਮਠਾੜੂ ਨਿਮਿਤ - ਪੇਕਾ ਚਾਚੋਕੀ ਸਹੁਰਾ ਪਿੰਡ ਬਿਲਗਾ

ਬੀਬੀ ਕੰਧ 'ਤੇ ਲੱਗੀ ਘੜੀ ਦੇਖਦੀ ਰਹਿੰਦੀ ਹੈ ਜਿੰਦ ਨੂੰ ਟੁੱਕਦੀ ਘੜੀ ਪਰਦੇਸ ਦਾ ਇੱਕੋ ਵੇਲਾ ਦਸਦੀ ਹੈ ਮੈਂ ਕਿਥੇ ਸੀ ਮੈਂ ਕਿਥੇ ਹਾਂ ਮੈਂ ਕਿਥੇ ਹੋਵਾਂਗੀ ਇਹ ਸੋਚ ਉਹਦਾ ਸਾਹ ਘੁੱਟਦਾ ਹੈ ਤੇ ਇਕਦਮ ਖ਼ਿਆਲ ਕਿਸੇ ਹੋਰ ਪਾਸੇ ਪਾ ਲੈਂਦੀ ਹੈ ਇਥੇ ਹਰ ਚੀਜ਼ ਖਾਣ ਨੂੰ ਆਉਂਦੀ ਹੈ ਹਰ ਸ਼ੈਅ ਜਿਵੇਂ ਦਿਲ ਹੈ ਹਰਦਮ ਧੜਕਦਾ ਅਪਣਾ ਹੋਣਾ ਦਸਦਾ ਦਿਲ ਘਟਦਾ ਦਿਲ ਡੁੱਬਦਾ ਹੈ ਦਿਲ ਥੋਹੜਾ ਹੁੰਦਾ ਭੋਲ਼ਾ ਵੈਦ ਦਵਾ ਦਿੰਦਾ ਹੈ ਜੀਉਣ ਲਈ ਸਿਰ 'ਤੇ ਪੱਲਾ ਲੈ ਪਾਠ ਕਰਨ ਲਗਦੀ ਹੈ ਰਤਾ ਮਨ ਟਿਕਾਣੇ ਆਉਂਦਾ ਹੈ ਇਥੇ ਦੁਮੇਲ ਨਹੀਂ ਧਰਤੀ ਤੇ ਆਕਾਸ਼ ਮਿ਼ਲਦੇ ਨਹੀਂ ਨਾ ਨਜ਼ਰਾਂ ਪਾਰ ਰੇਲ ਦੀਆਂ ਲੀਹਾਂ ਗੱਡੀ ਕਿਧਰ ਨੱਠੀ ਜਾਂਦੀ ਹੈ ਬੀਬੀ ਪਰਾਈ ਬੋਲੀ ਬੋਲਦੀ ਹੈ ਹੱਸਣ ਲਗਦੀ ਹੈ ਤੇ ਚੁੱਪ ਕਰ ਜਾਂਦੀ ਹੈ ਘਰ ਲਾਗਿਉਂ ਰੇਲਗੱਡੀ ਲੰਘਦੀ ਹੈ ਘਰ ਦੀ ਛੱਤ 'ਤੇ ਦੂਰੋਂ ਆਏ ਉਤਰਦੇ ਹਵਾਈ ਜਹਾਜ਼ ਦੀ ਛਾਂ ਪੈਂਦੀ ਹੈ ਸਾਰਾ ਵਜੂਦ ਕੰਬ-ਕੰਬ ਜਾਂਦਾ ਹੈ ਇਥੇ ਹਰ ਰੁੱਤ ਬੱਦਲ਼ਵਾਈ ਹੈ ਨਿੱਕੀ-ਨਿੱਕੀ ਕਣੀ ਦਾ ਮੀਂਹ ਨਹੀਂ ਮੁੱਕਦਾ ਕਦੇ ਪੰਛੀ ਭਿੱਜੇ ਵੀ ਗਾਉਂਦੇ ਹਨ ਬਰਫ਼ ਨਾਲ ਖੇਲਦੇ ਹਨ ਬੱਚੇ ਕੋਈ ਉਹਦਾ ਨਾਂ ਲੈ ਕੇ ਹਾਕ ਮਾਰਦਾ ਹੈ ਕੈਂਹੇਂ ਦਾ ਥਾ਼ਲ ਹੱਥੋਂ ਡਿੱਗਦਾ ਹੈ ਉਹ ਭਉਂ ਕੇ ਦੇਖਦੀ ਹੈ ਕੋਈ ਕਿਤੇ ਨਹੀਂ ਸੁੱਤੇ ਬੱਚਿਆਂ ਦੇ ਸਾਹਵਾਂ ਦੀ ਵਾਜ ਸੁਣਦੀ ਹੈ 'ਨੇਰ੍ਹੇ ਚ ਅੱਖਾਂ ਦੇ ਤਾਰੇ ਨਜ਼ਰ ਆਉਂਦੇ ਹਨ ਮੇਲਣਾਂ ਗਾਉਂਦੀਆਂ ਹਨ - ਹਾਏ ਓਏ ਸਾ਼ਲਿਆ ਪੈਸਿਆ ਤੈਨੂੰ ਦੁੱਖਾਂ ਨਾ਼ਲ ਜੋੜਿਆ ਸੀ ਸਾਹ ਮੁੱਕਦੇ ਜਾਂਦੇ ਹਨ ਸੋਚਾਂ ਨਹੀਂ ਮੁੱਕਦੀਆਂ ਬਿੰਦੀਆਂ ਸਰਦਲਾਂ ਨੂੰ ਘੁਣ ਖਾਣ ਲੱਗਾ ਹੈ ਕਦੋਂ ਮੁੜਨਗੇ ਘਰਾਂ ਵਾ਼ਲੇ ਇਥੋਂ

ਨੈਰੋਬੀ 1992

ਕਿਸ ਨੇ ਮੁੰਦਿਆ ਬਚਪਨ ਦਾ ਦਰਵਾਜ਼ਾ
ਲਾ ਕੇ ਚੁੱਪ ਦਾ ਜੰਦਰਾ
ਕੌਣ ਰਹਿੰਦਾ ਮੇਰੇ ਘੁਰਨੇ ਅੰਦਰ
ਸਾਰੀ ਦੁਨੀਆ ਜਿਸਦਾ ਵਿਹੜਾ
ਜਿਸ ਵਿਚ ਸਾਂਭ ਕੇ ਰੱਖੇ
ਬੰਟੇ ਪੈਨਸਲ ਸਿੱਕੇ
ਮੀਂਹ ਵਿਚ ਭਿੱਜੀ ਪੁਸਤਕ

ਸੈਕਲ ਤਿੰਨ ਪਹੀਆਂ 'ਤੇ ਨੱਸੇ
ਫੁੱਲ ਬਗ਼ੀਚੇ ਟਹਿਕਣ
ਭੈਣ ਦੀਆਂ ਕੱਢੀਆਂ ਚੱਦਰਾਂ ਉੱਤੇ

ਦੋ ਗੁੱਤਾਂ ਵਾਲਾ ਲੁਕਣਮੀਚੀ ਖੇਡਦਾ ਮੁੰਡਾ
ਲੁਕਿਆ ਹੋਇਆ ਜੱਗ ਵਿਚ ਭਾਉਂਦਾ
ਅਪਣੇ ਘਰ ਦਾ ਰਸਤਾ ਭੁੱਲਾ
ਨਾ਼ਲ ਖਿਡੰਦੇ ਹਾਣੀ ਮਨੋਂ ਵਿਸਾਰਾ

ਭਿੜੇ ਦਰਵੱਜੇ ਪਿੱਛੋਂ ਘਰ ਨੇ ਪੁੱਛਿਆ:
ਅੱਜ ਕਿਵੇਂ ਤੈਨੂੰ ਚੇਤਾ ਆਇਆ?
ਕਿਥੇ ਨੇ ਉਹ ਜਿਨ੍ਹਾਂ ਦੀ ਬਰਕਤ ਮੈਂ ਹੋਇਆ ਸਾਂ
ਜੋ ਸਨ ਸਾਨੂੰ ਲਾਡ ਲਡਾਂਦੇ?
ਉਹ ਵੀ ਆ ਜਾਵਣਗੇ ਇਕ ਦਿਨ
ਜਿਵੇਂ ਰਸਤਾ ਭੁੱਲ ਕੇ ਤੂੰ ਆਇਆ ਹੈਂ
ਲੰਘ ਆ ਅੰਦਰ...

ਸਫ਼ਰ

ਲੰਮਾ ਸਫ਼ਰ ਅਕੇਵਾਂ
ਗੱਡੀ ਦੀ ਬਾਰੀ ਦੇ ਸ਼ੀਸ਼ੇ 'ਤੇ
ਮੈਂ ਸਿਰ ਰੱਖਿਆ ਹੈ
ਬਾਰੀ ਠੰਢੀ ਸੀਤ ਜਿਉਂ
ਬਰਫ਼ੀਲੀ ਰੁੱਤੇ ਸੱਜਣ ਹੱਥ ਮਿਲ਼ਾਇਆ
ਜਾਂ ਪਿਆਰੀ ਦੇ ਠੰਢੇ ਕੰਨ ਨੂੰ
ਨੱਕ ਦੀ ਬੂੰਬਲ਼ ਛੋਹਵੇ
ਜਾਂ ਤਾਪ ਚੜ੍ਹੇ 'ਤੇ ਬਲ਼ਦੇ ਮੱਥੇ ਉੱਤੇ
ਮਾਂ ਨੇ ਹੱਥ ਰੱਖਿਆ ਹੈ

ਕੁਝ ਪਲ ਰਾਹਤ ਮਿਲ਼ਦੀ
ਦਿਲ ਨੂੰ ਠੰਢ ਪੈਂਦੀ ਹੈ
ਸਾਰੇ ਜੱਗ ਦੀਆਂ ਗੱਡੀਆਂ ਦਾ ਖੜਕਾ ਇੱਕੋ-ਜਿੱਕਾ
ਸਾਰੇ ਜੱਗ ਦੀਆਂ ਗੱਡੀਆਂ ਦਾ ਸਫ਼ਰ ਅਕੇਵਾਂ
ਆਖ਼ਿਰ ਦੇਰ-ਸਵੇਰੇ
ਇੱਕੋ ਥਾਂ 'ਤੇ ਜਾ ਕੇ ਮੁੱਕ ਜਾਂਦਾ ਹੈ

ਈਸਟਰ ਵੀਕਐਂਡ ਸਫ਼ਰ

ਸ਼ਾਮ ਦਾ ਵੇਲਾ
ਚਲਦੀ ਗੱਡੀ ਅੰਦਰ
ਕੁਝ ਜਾਗਣ ਕੁਝ ਸੁੱਤੇ ਲੋਕੀਂ ਦਿਨ ਦੇ ਥੱਕੇ
ਦੂਰ ਘਰਾਂ ਨੂੰ ਚੱਲੇ ਕੱਲੇ ਕੱਲੇ

ਚੋਰ ਕਨੱਖੀਏਂ ਝਾਕਣ ਸਾਰੇ –
ਵਿਚ ਡੱਬੇ ਦੇ ਕੁੜੀ ਉਹ ਬੈਠੀ ਕੰਘੀ ਪੱਟੀ ਕਰਦੀ
ਚੁੱਪ ਬੁੱਲ੍ਹਾਂ ਨੂੰ ਸੁਰਖੀ ਲਾਵੇ
ਗੱਲ੍ਹ ਗੁਲਾਲ ਮਸਤਕ ਮਣੀ ਸੁਹਾਵੇ
ਅਤਰ ਫੁਲੇਲ ਲਗਾਵੇ
ਸਫ਼ਰ ਸੁਗੰਧਾ ਕਰਦੀ
ਨੈਣ ਨ ਸਹਿੰਦੇ ਕਜਰਾ
ਅਬਰ–ਕਮਾਨਾਂ ਖਿਚਦੀ
ਰਾਤ ਚੜ੍ਹੀ 'ਤੇ ਤੀਰ ਲੰਘਾਣੇ ਵਿਚ ਦੀ
ਸ਼ੀਸ਼ੇ ਦੇ ਵਿਚ ਮੁੱਖ ਨਿਹਾਰੇ ਅਪਣਾ
ਜਿਉਂ ਇਹਦੇ ਸੱਜਣ ਇਸਨੂੰ ਅੱਜ ਦੀ ਰਾਤੇ ਤੱਕਣਾ
ਇਸਦੀ ਮੂਰਤ ਮਨ ਦੇ ਅੰਦਰ ਲਾਹਣੀ

ਕਰ ਲੈ ਹਾਰ ਸ਼ਿੰਗਾਰ ਤੂੰ ਕੁੜੀਏ
ਬੁੱਲ੍ਹ ਹੋਰ ਗੂੜ੍ਹੇ ਤੂੰ ਮਿੱਠੇ ਕਰ ਲੈ
ਤੇਰੀ ਸੁਰਖ਼ੀ ਸੱਜਣ ਨੇ ਪੀ ਜਾਣੀ
ਤਨ ਤੱਤੇ ਦੀ ਧਰਤੀ ਉੱਤੇ ਵਸਣਾ ਸਾਰੰਗ ਪਾਣੀ
ਜਦ ਓਹਦੇ ਵਾਲ਼ਾਂ ਤੇਰੇ ਵਾਲ਼ਾਂ ਨੂੰ ਉਲਝਾਣਾ
ਵਿੰਨ੍ਹ ਘੱਤਣਾ ਜਦ ਵਸਲ ਦੇ ਬਾਣਾਂ
ਅਬਰੂ–ਸ਼ਸਤਰ ਸੁੱਟ ਕੇ
ਤੂੰ ਸਭ ਕੁਝ ਆਪ ਸਮਰਪਣ ਕਰਨਾ
ਸੁੱਖ ਦੀ ਸੇਜੇ ਚੜ੍ਹਨਾ
ਸੁਭਾਗੀ ਰੈਣ ਦੇ ਅੰਦਰ ਰੰਗ ਮਾਨਣੇ
ਜਨਮ ਇਹ ਸਫਲਾ ਕਰਨਾ ਜੀਵਣ ਵੇਲੇ ਜੀਂਵਦਿਆਂ ਦੇ ਮੇਲੇ

ਅਪ੍ਰੈਲ ਮਹੀਨੇ ਦੀ ਸ਼ਾਮ

ਸਮਾਂ ਘੜੀ ਦਾ ਚਾਬੀ ਦੇ ਨਾਲ਼ ਅੱਗੇ ਕੀਤਾ
ਰੁੱਤ ਬਹਾਰ ਦੀ ਬੂਹੇ ਆਣ ਖਲੋਤੀ
ਡੈਫ਼ੋਡਿਲ ਦੇ ਫੁੱਲ ਵੀ ਵੇਲੇ ਸਿਰ ਖਿੜੇ ਹਨ
ਪਰ ਠੰਢ ਹਾਲੇ ਵੀ ਹੈ

ਠੰਢ ਘੜੀ ਤੋਂ ਨਾਬਰ ਹੋਈ
ਕੰਨਾਂ ਨੂੰ ਛੂੰਹਦੀ ਚੰਗੀ ਲੱਗੇ
ਚੰਗੀਆਂ-ਚੰਗੀਆਂ ਯਾਦਾਂ ਦੀ 'ਵਾ ਰੁਮਕੇ

ਮੇਰੇ ਕੁੱਲ ਪਿਆਰੇ ਸੱਜਣ ਮੈਨੂੰ ਮਿਲਣੇ ਦੇ ਲਈ ਆਏ
ਸਾਹਵੇਂ ਬੈਠੇ ਮੇਰੀ ਵਲ ਦੇਖ ਰਹੇ ਹਨ
ਵਿਚਕਾਹੇ ਕੰਧ ਹਿਜਰ ਦੀ ਉਸਰੀ ਹੋਈ
ਇਕ ਦੂਜੇ ਵਲ ਤੱਕਦੇ ਮੁਸਕਾਂਦੇ ਹਾਂ

ਉਹ ਅਪਣੇ ਨਾਲ਼ ਲਿਆਏ
ਵਤਨ ਦੀਆਂ ਰੁੱਤਾਂ ਰਮਜ਼ਾਂ ਸਾਰਾਂ
ਜੀਉ ਕੇ ਨਾਲ਼ ਬਿਤਾਈਆਂ ਰਾਤਾਂ ਪ੍ਰਭਾਤਾਂ
ਉਹ ਸ਼ੈਆਂ ਵੀ
ਜੋ ਮੁਸਾਫ਼ਿਰ ਅਣਜਾਣੇ ਵਿਚ ਨਾਲ਼ ਲੈ ਤੁਰਦਾ –

ਮਾਂ ਮੇਰੀ ਉਹ ਫ਼ਰਾਕ ਲਿਆਈ
ਜੋ ਉਸ ਪੋਤੇ ਦੇ ਪਾਵਣ ਲਈ ਰਖੀ ਸੀ
ਬਾਪ ਲਿਆਇਆ ਖ਼ਤ ਤਸਵੀਰਾਂ ਅਤੇ ਕਿਤਾਬਾਂ
ਜੋ ਪੁਲਿਸ ਨੇ ਕਬਜ਼ੇ ਵਿਚ ਕਰੀਆਂ ਸਨ
ਮੇਰਾ ਸਾਈਕਲ
ਸਕੂਲ ਦਾ ਬਸਤਾ
ਜਿਸ ਵਿਚ ਟੁੱਟੀ ਸਲੇਟ ਪਈ ਹੈ

ਠੰਢੀ-ਠੰਢੀ ਪੌਣ ਰੁਮਕਦੀ

੨੫ ਪੋਹ ਸੰਮਤ ੨੦੫੬ ਦੇ ਢ਼ਲਦੇ ਸੂਰਜ ਨਾ਼ਲ ਗੱਲਾਂ

ਪਿਆਰੇ ਸੂਰਜ ਸਾਹਿਬ ਜੀਓ
ਕਿੰਨੀ ਦੇਰ ਲਗਾ ਕੇ ਆਏ
ਹੁਣ ਜਾਣ ਦੀ ਕਾਹ਼ਲੀ ਕਾਹਦੀ?
ਨੱਸ ਕੇ ਏਨੀ ਛੇਤੀ ਕਿਥੇ ਜਾਣਾ?

ਰਤਾ ਠਹਿਰ ਜਾਓ
ਸਭ ਦਾ ਦਿਲ ਹੈ ਲੱਗਾ
ਬੱਚੇ ਪੰਛੀ ਤੇ ਪਰਛਾਵੇਂ ਦਾ

ਹੁਣ ਦੀ ਬੇਲਾ ਸੁੱਖ ਦੀ ਬੇਲਾ
ਨਾ਼ਲ ਅਸਾਡੇ
ਤੂੰ ਹੈਂਉਹ ਹੈ ਹਮ ਹੈਂ
ਨਾ਼ਲ ਤਿਹਾਰੇ ਦਿਲ ਪਿਆ ਡੁੱਬੇ
ਇਹ ਜੰਗ ਹਯਾਤੀ ਜਿੱਤਣੇ ਦੇ ਲਈ
ਕੀ ਕੋਈ ਕ੍ਰਿਸ਼ਣ ਬੁਲਾਈਏ
ਜੋ ਬਾਹੋਂ ਫੜ ਕੇ ਡੱਕ ਲਏ ਤਿਆਨੂੰ?

ਪੈਰਾਂ ਦੇ ਵਿਚ ਰਸਤਾ ਸਿੱਧਾ
ਤੇਰੇ ਤੀਕਣ ਜਾਵੇ ਲਹਿਰਾਂ ਉੱਤੇ
ਲਿਸ਼ਕਣ ਕਿਰਣਾਂ

ਰਤਾ ਠਹਿਰ ਜਉ
ਤੈਨੂੰ ਪਾਣੀ ਅਰਘਾਂਗੇ
ਚੰਗਾ ਬਣ ਕੇ ਦਿਖਲਾਵਾਂਗੇ
ਰਚਨਾ ਕਰਕੇ ਨਾਮ ਤੇਰੇ ਦੀ ਮਹਿਮਾ ਗਾਵਾਂਗੇ
ਸੂਰਜ ਸਾਹਿਬ ਜੀਓ!

ਬ੍ਰਾਈਟਨ 09 01 2000

ਬੋਰਨਮਥ ਸਮੁੰਦਰ ਕੰਢੇ

ਰੇਤ 'ਤੇ ਰੇਤ ਉੜ ਰਹੀ ਹੈ
ਲਹਿਰ 'ਤੇ ਲਹਿਰ

ਪੈੜ ਬਣਦੀ ਹੈ   ਖਿਰ ਜਾਂਦੀ ਹੈ   ਧੁਲ਼ ਜਾਂਦੀ ਹੈ

ਸੁੱਚੀ ਹੈ ਰੇਤ ਸੱਚਾ ਹੈ ਪਾਣੀ

ਪੰਛੀ ਹਵਾ 'ਚ ਤੈਰਦਾ ਹੈ
ਲਹਿਰਾਂ ਤੇ ਰੇਤ ਨਾਲ਼ ਖੇਲੀਆਂ ਕਰਦਾ

ਬੱਚਾ ਡਰਦਾ ਸਮੁੰਦਰ 'ਚ ਪੈਰ ਰਖਦਾ ਹੈ
ਲਹਿਰ ਉਛਲ਼ ਕੇ ਪੈਰਾਂ ਨੂੰ ਰੇਤੇ ਨੂੰ ਚੁੰਮਦੀ ਹੈ

ਸਦਾ ਸਦਾ ਬੋਰਨਮਥ ਸਮੁੰਦਰ ਦੇ ਕੰਢੇ 'ਤੇ

ਸਮੁੰਦਰ ਕੰਢੇ ਮਾਘੀ ਸੰਨ 2001 ਈਸਵੀ

ਆਕਾਸ਼ ਹਵਾ ਤੇ ਸਾਗਰ ਪਾਣੀ
ਸਭ ਕੁਝ ਠੰਢਾ ਠੰਢਾ ਸੀ

ਧੁੱਪ ਇਸ਼ਨਾਨ ਕਰੇਂਦੀ
ਸੂਰਜ ਮਾਂ ਖੜ੍ਹੀ ਮੁਸਕਾਂਦੀ
ਲਹਿਰਾਂ ਦੀ ਆਵਾਜ਼ ਵੀ ਗਿੱਲੀ ਗਿੱਲੀ ਸੀ

ਧੁੱਪ ਭਲੀ ਵਿਚ ਸੀਤ ਹਵਾ ਨੱਕ ਦੇ ਬੂੰਬਲ਼ ਨੂੰ ਸੁੰਨ ਕਰਦੀ ਸੀ
ਰੁੱਤ ਸੀ ਫ਼ਾਇਰ ਦੇ ਮੁੱਢ ਬਹਿ ਕੇ ਚਾਹ ਸੁੜ੍ਹਾਕਣ ਦੀ
ਤਾਂ ਵੀ ਲੋਕੀਂ ਅੱਜ ਦੇ ਦਿਨ ਦਾ ਸ਼ੁਕਰ ਮਨਾਵਣ ਆਏ ਸਨ

ਬੇੜੀਆਂ ਮੂਧੇ ਮੂੰਹ ਪਈਆਂ ਰੇਤੇ ਉੱਤੇ
ਮਛਿਆਰੇ ਯਸੂਦੁਆਰੇ ਬਣ-ਠਣ ਕੇ ਨਿਕਲ਼ੇ ਸਨ

ਕੁੱਛੜ ਚੁੱਕੇ ਬਾਲ ਨੂੰ ਬਾਪ ਦਰਸ ਕਰਾਉਂਦਾ ਸੀ
ਪਾਣੀ ਦਾ ਪਹਿਲੀ ਵਾਰੀ

ਮਾਹਣੂ ਕੁੰਡੀਆਂ ਲਾ ਕੇ ਬੈਠੇ
ਉਡੀਕ ਲੱਗੀ ਸੀ ਮੱਛੀ ਦੀ
ਭੁੱਖ ਉਨ੍ਹਾਂ ਦੀ ਚਮਕ ਰਹੀ ਸੀ ਲਹਿਰਾਂ ਉੱਤੇ

ਮਾਂ ਅੱਜ ਦੇ ਦਿਨ
ਤੜਕੇ ਇਸ਼ਨਾਨ ਕਰੇਂਦੀ
ਜਾ ਕੇ ਗੁਰੂਦੁਆਰੇ ਸੁੱਖਾਂ ਸੁੱਖਦੀ ਸੀ
ਰਹੁ ਦੀ ਖੀਰ ਬਣਾਉਂਦੀ
ਜਿਸਨੂੰ ਖਾ ਕੇ ਸਾਰੇ ਦੁੱਖ ਭੁੱਲ ਜਾਂਦੇ ਸਨ

ਅੱਖਾਂ ਵਿਚ ਆ ਲੱਗਾ
ਠੰਢਾ ਸੀਤ ਹਵਾ ਦਾ ਬੁੱਲ੍ਹਾ
ਭਰ ਆਇਆ ਪਾਣੀ
ਦਿਲ ਉਸ ਵਿਚ ਜਾ ਡੁੱਬਾ

ਚੇਤੇ ਆਇਆ ਵੈਦ ਦਾ ਦੱਸਿਆ
ਤੁਰਨੇ ਲੱਗਾ ਵਾਹੋਦਾਹੀ ਰਸਤਾ ਕੱਢਦਾ
ਮਨ ਵਿਚ ਧਾਰੀ ਮੋਮ ਦੀ ਬੱਤੀ
ਡੂੰਘੇ ਡੂੰਘੇ ਸਾਹ ਭਰ ਕੇ ਮੈਂ
ਹੌਲ਼ੀ ਹੌਲ਼ੀ ਫੂਕਾਂ ਮਾਰਨ ਲੱਗਾ

ਵਗਦੇ ਠੱਕੇ ਵਿਚ ਵੀ ਬੱਤੀ ਬਲ਼ਦੀ ਬੁਝਦੀ ਨਾ ਸੀ
ਸਾਗਰ ਕੰਢੇ ਮਾਘੀ ਦੇ ਦਿਨ

ਬ੍ਰਾਈਟਨ 13 ਜਨਵਰੀ 2001

* ਦਿਲ ਦੇ ਵੈਦ ਦਾ ਦੱਸਿਆ ਉਪਾਅ ਕਿ ਔਖੀ ਘੜੀ ਵੇਲੇ ਬਲ਼ਦੀ ਮੋਮਬੱਤੀ ਮਨ ਚ ਧਾਰ ਕੇ ਡੂੰਘੇ-ਡੂੰਘੇ ਸਾਹ ਭਰ ਕੇ ਜੋਤ ਨੂੰ ਹੌਲ਼ੀ-ਹੌਲ਼ੀ ਫੂਕਾਂ ਮਾਰੋ।

ਬਿੱਕਰ

ਬਿੱਕਰ ਸਿਆਂ
ਮੈਂ ਜਿਥੇ ਜਾਵਾਂ
ਤੂੰ ਉਥੇ ਹੁੰਦੈਂ
ਫੁੱਲ ਵੇਚਦਾ ਮੈਥੋਂ ਨਜ਼ਰ ਬਚਾ ਕੇ
ਯੂਰਪ ਦੇ ਹਰ ਨੱਗਰ
ਪੈਰਿਸ ਬਰਲਿਨ ਅਮਸਟਰਡਮ
ਸ਼ਹਿਰ ਵੀਆਨਾ ਰੋਮ ਪਰਾਗ
ਵੇਚੇਂ ਫਿਰਦਾ ਪ੍ਰੇਮ ਨਿਸ਼ਾਨੀ
ਗੁਲਾਂ ਦਾ ਦਸਤਾ ਲਾਲ ਗੁਲਾਬ
ਹੱਸਦੇ ਪ੍ਰੇਮੀ ਗਾਹਕ ਤੇਰੇ
ਮੁੰਡਾ ਫੁੱਲ ਕੁੜੀ ਨੂੰ ਦਿੰਦਾ
ਕਹਿੰਦਾ: ਮੈਂ ਪ੍ਰੇਮ ਦੀਵਾਨਾ ਤੇਰਾ ਯਾਰ
ਕੁੜੀ ਜਾਣਦੀ ਝੂਠ ਬੋਲਦਾ ਆਪ ਵੀ ਝੂਠੀ
ਸਾਰੀ ਗੱਲ ਹੈ ਅੱਜ ਦੀ ਰਾਤ

ਭਾਈ ਬਿੱਕਰ ਸਿੰਘਾ
ਤੂੰ ਖ਼ੁਸ਼ ਨ੍ਹੀਂ ਲਗਦਾ
ਤੈਨੂੰ ਚੁੱਪ ਕਾਹਦੀ ਐ ਲੱਗੀ
ਤੇਰਾ ਵੀ ਕੋਈ ਇਸ ਜੱਗ ਅੰਦਰ
ਜਿਸਨੂੰ ਦੇਵੇਂ ਪ੍ਰੇਮ ਨਿਸ਼ਾਨੀ
ਅਪਣੀ ਬੋਲੀ ਅੱਖ ਲਿਸ਼ਕਾ ਕੇ
ਆਖੇਂ ਜਿਸਨੂੰ ਮਹਰਮਯਾਰ
ਕਿਸਨੂੰ ਲਭਦੈਂ
ਨਗਰੀ ਨਗਰੀ ਦੁਆਰੇ ਦੁਆਰੇ

ਰੁੜਕੇ ਪਿੰਡ ਦਾ ਬਿੱਕਰ ਜੱਟ
ਵਿਚ ਵਲੈਤੀਂ ਫੁੱਲ ਵੇਚਦਾ

ਬਾਰਸੇਲੋਨਾ ਮੈਟਰੋ ਵਿਚ ਹਮਵਤਨ

ਤੁਸੀਂ ਤਾਂ ਮੈਨੂੰ ਇੰਜ ਤੱਕਦੇ ਸਓ।
ਮੈਂ ਜਾਤਾ, ਬਾਬਾ ਮੁੜ 'ਤੇ ਆਸ਼ਿਕ ਹੋਇਆ।

ਤੁਸੀਂ ਕੱਲੇ ਲਗਦੇ ਓ।
ਨਾਲ਼ ਕੋਈ ਨਾ ਆਇਆ?

ਹੁਣ ਕੰਮ ਨਈਂ ਹੁੰਦਾ।
ਉਮਰ ਏ ਕਾਹਦੀ
ਪੰਝੀ ਤੇ ਹਿਕ।

ਛੇ ਵਰ੍ਹਿਆਂ ਦਾ ਏਥੇ ਆਂ ਮੈਂ।
ਤਿੰਨ ਸਾਲ ਤਾਂ ਖੜ੍ਹੇ ਖਲੋਤੇ ਜਾਗ ਕੇ ਲੰਘੇ
ਤਪਦੇ ਤੰਦੂਰ ਦੇ ਅੱਗੇ।
ਰੱਬ ਏ ਪੈਸਾ
ਪੈਸਾ ਰੱਬ ਏ।
ਘੜੀ ਨਾ' ਬੱਝੇ
ਪਾਗਲ ਹੋ ਗਏ
ਖ਼ੁਦਕੁਸ਼ ਮੁੰਡੇ।
ਕਲ੍ਹ ਦਾ ਕਰਜ਼ ਉਤਾਰਨ ਖ਼ਾਤਿਰ
ਸੁੱਖ ਅੱਜ ਦਾ ਗਹਿਣੇ ਪਾਇਆ।

ਦੇਸ ਤਾਂ ਭਾਵੇਂ ਕੰਧ ਦਾ ਓਹਲਾ
ਬ੍ਹਾਵਲਪੁਰ ਤੇ ਬਾਰਸੀਲੋਨਾ
ਨਿਤ ਪਰ੍ਹੇ ਨੇ ਹੁੰਦੇ ਜਾਂਦੇ।
ਘਰ ਜਿਉਂ ਵਿਚ ਸਮੁੰਦਰ ਤਰਦਾ ਟਾਪੂ।

ਪਰਦੇਸੀ ਢੋਲਾ

ਏਸ ਸ਼ਹਿਰ ਦੀ ਧੁੱਪ ਅਨੋਖੀ
ਹਾਕਾਂ ਮਾਰ ਬੁਲਾਉਂਦੀ
ਲੰਦਨ ਦੀ ਧੁੰਦ ਛੋੜ ਕੇ ਇਸ ਧੁੱਪ ਦੀ ਰੌਣਕ ਆ ਜਾਓ।

ਅਗਲਾ ਟੇਸ਼ਣ ਆਇਆ।
ਗੱਡੀ ਖੜ੍ਹ ਗਈ।

ਉਤਰਨ ਲੱਗਿਆਂ
ਉਸ ਹਉਕਾ ਭਰ ਕੇ ਆਖ ਸੁਣਾਇਆ:
ਏਸ ਉਮਰ ਵਿਚ ਦਰਦਾਂ ਪੱਲੇ ਪਈਆਂ...

ਤੇ ਵਿਚ ਭੀੜ ਦੇ ਰਾਹ ਬਣਾਉਂਦਾ
ਹੋ ਗਿਆ ਅੱਖੀਓਂ ਓਝ਼ਲ॥

ਪਰਦੇਸੀਆਂ ਦੀ ਦੀਵਾ਼ਲੀ

ਪਰਦੇਸੀਆਂ ਨਥਾਵਿਆਂ ਦੀ ਇ੍ਹ ਵੀ ਕੀ ਦੀਵਾ਼ਲੀ ਹੈ।
ਕਾ਼ਲੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ॥

ਸਾਊ ਪੁਤ ਰਾਮ ਜੀ ਤਾਂ ਚਲੇ ਗਏ ਸੀ ਘਰ ਨੂੰ।
ਕਮਾਊ ਪੁਤ ਮੁੜੇ ਨਹੀਂ ਹਾਲੇ ਤਾਈਂ ਘਰ ਨੂੰ॥

ਬਾਰਾਂ ਦੇ ਹਜ਼ਾਰਾਂ ਹੋਏ, ਭੁੱਲੀ ਸਾਰੀ ਗਿਣਤੀ।
ਨਿਤ ਦੇਸ ਦੂਰ ਹੁੰਦਾ, ਹੁੰਦੀ ਨਹੀਂ ਮਿਣਤੀ॥

ਦੀਵੇ ਕਿੱਥੇ ਬਾ਼ਲੀਏ ਬਨੇਰੇ ਨਹੀਂ ਘਰ ਦੇ।
ਕੋਰੇ ਚਿੱਟੇ ਦਿਲ ਕਦੇ ਦੁੱਖ ਨਹੀਂਉਂ ਹਰਦੇ॥

ਪੀ ਕੇ ਦਾਰੂ ਖੇੜਦੇ, ਜੀਣ ਦਾ ਕੀ ਪੱਜ ਹੈ।
ਕੌਣ ਜਾਣੇ ਕਿਹੜੀ ਘੜੀ, ਕੱਲ੍ਹ ਹੈ ਨਾ ਅੱਜ ਹੈ॥

ਜਿਥੇ ਮੇਰਾ ਵਾਸਾ ਉਥੇ ਕੰਧ ਹੈ ਨਾ ਦਰ ਹੈ।
ਏਸੇ ਨੂੰ ਮੈਂ ਜਾਣਿਆ ਘਰੋਂ ਦੂਰ ਘਰ ਹੈ॥

ਪਰਦੇਸੀਆਂ ਨਥਾਵਿਆਂ ਦੀ ਇ੍ਹ ਵੀ ਕੀ ਦੀਵਾ਼ਲੀ ਹੈ।
ਕਾ਼ਲੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ॥

ਫ਼ੰਕੀ ਕੋਲ੍ਡ ਪਸੀਨਾ

ਲੰਦਨ ਦੀ ਕਿਸੇ ਪੱਬ ਵਿਚ ਫ਼ੰਕੀ ਕੋਲ੍ਡ ਪਸੀਨਾ ਨਾਂ ਦਾ ਪੰਜਾਬੀ ਜਵਾਨਾਂ ਦਾ ਬੈਂਡਬਾਜਾ ਗੌਣ ਪਾਣੀ ਕਰਦਾ ਹੈ। ਫ਼ੰਕੀ ਸ਼ਬਦ ਦਾ ਮਤਲਬ ਹੈ - ਨ੍ਰਿਤ ਤਾਲ, ਨਵਾਂ, ਬੇਸਵਾਦਾ।

ਜੀਨਾ ਮੀਨਾ ਗੀਨਾ
ਟੀਨਾ ਡੀਨਾ ਲੀਨਾ
ਫ਼ੰਕੀ ਕੋਲ੍ਡ ਪਸੀਨਾ
ਸਾਡੀ ਕੁੜੀ ਨਾ' ਨੱਚਦਾ ਦੇਖੋ
ਕੈਸਾ ਚੀਨਾ ਫੀਨਾ

ਜੇ ਸਾਰੇ ਪੰਜਾਬੀ ਮਰ ਗੇ' ਗੋਰੇ ਨਾ' ਚਲੇ ਜਾਂਦੀ
ਜੇ ਏਂ ਨਸਲ ਵਗਾੜਨ ਤੁਰ ਪੀ ਚੱਜ ਦਾ ਕੋਈ ਫਸਾਂਦੀ
ਓ ਸਰਦਾਰੇ, ਉਮਰੂ ਗੰਗਾ ਦੀਨਾ ਫਟਦਾ ਨਹੀਂ ਤੇਰਾ ਸੀਨਾ
ਫ਼ੰਕੀ ਕੋਲ੍ਡ ਪਸੀਨਾ

ਜੇ ਕੋਈ ਸਮਝਾਵੇ ਏਂਨੂੰ ਫ਼ਕਨ ਬਾਸਟਰ' ਕਹਿੰਦੀ
ਵਿਹਲ ਦਵੇ ਨਾ ਧਰਤੀ ਓਦੋਂ ਮੁੱਕਦੀ ਕਸਰ ਨ ਰਹਿੰਦੀ
ਇੱਕੋ ਇਜਤ ਬਚਾ ਕੇ ਰੱਖੀ ਉਹ ਵੀ ਕੋਲ਼ ਰਹੀ ਨਾ

ਫ਼ੰਕੀ ਕੋਲ੍ਡ ਪਸੀਨਾ
ਦੇਖੀ ਪੁੱਤ ਵਲੈਤ ਦੀ ਖੱਟੀ ਤੇਰਾ ਵੀ ਕੀ ਜੀਨਾ

ਜੀਨਾ ਮੀਨਾ ਗੀਨਾ
ਟੀਨਾ ਡੀਨਾ ਲੀਨਾ
ਸਾਡੀ ਕੁੜੀ ਨਾ' ਨੱਚਦਾ ਦੇਖੋ ਕੈਸਾ ਚੀਨਾ ਫੀਨਾ

ਕੋਕੋਰੀਨਾ

ਸ਼ਾਇਰਾਂ ਦਾ ਸਫ਼ਰਨਾਮਾ

ਪੈਸਿਫ਼ਿਕ ਸਾਗਰ ਕੰਢੇ ਕੰਢੇ
ਕਰਦੇ ਜਾਂਦੇ ਸਫ਼ਰ ਉਮਰ ਦਾ
ਐੱਲ ਏ* ਤੋਂ ਸੈਨ ਫ਼੍ਰਿਸਕੋ ਚੱਲੇ
ਰੋਡਿਆਂ ਦਾ ਅਜਮੇਰ ਸਿੰਘ ਥਾ
ਸਾਧੂ ਬਿਨਿੰਗ ਕਾਰ ਚਲਾਵੇ ਦੱਬ ਕੇ ਕੀਲੀ
ਪਿੱਛੇ ਬੈਠਾ ਬਿਟ ਬਿਟ ਤੱਕਦਾ ਮੈਂ ਸੀ

ਹੱਸਦੇ ਸੁਣ ਕਰ ਰਫ਼ੀ ਮੁਹੰਮਦ
ਟੁੱਟਾ ਆਸ਼ਿਕ ਰੋਂਦਾ ਹੇਕਾਂ ਲਾ ਕੇ
ਬਾਹਰ ਚੁੱਪ ਵੀਰਾਨੀ ਜਿੱਡੀ
ਅਪਣਾ ਆਪਾ ਤੁੱਛ ਲਗਦਾ ਸੀ
ਮੀਲਾਂ ਤੋੜੀ ਫ਼ਸਲ ਅੰਗੂਰੀ ਜਾਂ ਫਿਰ ਚੈਰੀ
ਸਭ ਕੁਛ ਢਕਿਆ ਬੀਤੇ ਹੇਠਾਂ
ਸਾਵੇ ਨੀਲੇ ਪੀਲ਼ੇ ਪਰਬਤ
ਪਾਰੋ ਜਿਉਂ ਹਿੱਕੜੀ ਢਕ ਕੇ ਸੁੱਤੀ
ਸ਼ਿਵ ਜੀ ਵੀ ਸੇਜ ਮਾਣ ਕੇ ਸੁੱਤੇ ਪਏ ਸੀ

ਨਾ਼ਲ ਰਬੜ ਦੀ ਸੜਕ ਦੇ ਉੱਤੇ
ਹੱਸਦੇ ਮੁੰਡੇ ਜੱਗਰਨਾਟ** ਚਲਾਂਦੇ
ਲੱਦਿਆ ਮਾਲ ਕਨੇਡੇ ਚੱਲਿਆ

ਦੇਖ ਕੇ ਸ਼ੀਸ਼ੇ ਥਾਣੀਂ ਸਾਧੂ ਕਹਿੰਦਾ –
ਅਪਣੇ ਲਗਦੇ!

ਮੈਂ ਭਉਂ ਕੇ ਡਿੱਠਾ – ਅੱਖ ਉਨ੍ਹਾਂ ਦੀ ਪੰਜਾਬੀ ਸੀ
ਸਾਸ੍ਰੀਕਾਲ ਬੁਲਾਉਂਦੀ

ਭਾਵੇਂ ਪੱਗ ਨਹੀਂ ਸੀ ਬੰਨ੍ਹੀ
ਪਰ ਸ਼ਕਲੋਂ ਸਿੱਖ ਲਗਦੇ ਸਨ
ਉਨ ਕੋ ਕਿੰਨਾ ਚਾਅ ਚੜ੍ਹਿਆ ਸੀ ਸਾਨੂੰ ਤੱਕ ਕੇ

ਅਮਰੀਕਾ ਦੇ ਸਾਹਿਲ ਉੱਤੇ ਮਨ ਵਿਚ
ਫਿਰ ਹੁਬ-ਉੱਲ-ਵਤਨੀ ਜਾਗੀ -
ਹਰ ਪੰਜਾਬੀ ਸ਼ਕਲੋਂ ਸਿੱਖ ਲਗਦਾ ਹੈ
ਹਰ ਪੰਜਾਬੀ ਜੀਉਂਦਾ ਗੁਰਾਂ ਦੇ ਨਾਂ 'ਤੇ
ਧਨੀ ਰਾਮ ਤਾਂ ਸਿੱਖ ਸੀ, ਨਜਮ ਹੁਸੈਨ ਵੀ ਸਿੱਖ ਹੈ

ਸਾਗਰ ਕੰਢੇ ਹੰਨੇ ਹੰਨੇ ਸੋਚਾਂ ਵਿਚ ਮੈਂ
ਦੇਸ ਪੰਜਾਬ ਬਣਾਇਆ ਸਭ ਦਾ ਸਾਂਝਾ
ਜਿਸਦਾ ਨਕਸ਼ਾ ਗੁਰਾਂ ਬਣਾਇਆ
ਜਿਥੇ ਨਾ ਕੋਈ ਬਾਰ ਪਰਾਏ ਬੈਠਾ
ਜਿਥੇ ਰੀਤ ਇਸ਼ਕ ਦੀ ਨੀਤ ਭਰੀ ਹੈ
ਸੋਚਾਂ ਵਿਚ ਮੈਂ ਵਾਹਗਾ ਢਾਇਆ
ਨਹੁੰ ਦੇ ਨਾਲ਼ ਮਾਸ ਜੁੜਾਇਆ
ਜਾ ਨਨਕਾਣੇ ਸਿਰ ਨਿਵਾਇਆ
ਅਗਲਾ ਟੇਸ਼ਣ ਟੋਭਾ** ਆਇਆ
ਏਮਨਾਬਾਦ ਤਾਂ ਰਸਤੇ ਵਿਚ ਸੀ
ਉਥੇ ਤੱਕੀ ਆਪੇ ਚਲਦੀ ਚੱਕੀ
ਬਹੁਰੰਗ ਤਮਾਸ਼ੇ ਦੇਖਦੀ ਅੱਖ ਨਾ ਥੱਕੀ

* ਲੌਸ ਐਂਜਲਸ
** - ਅਠਾਰਾਂ ਪਹੀਆਂ ਵਾਲਾ ਟਰੱਕ
** ਟੋਭਾ ਟੇਕ ਸਿੰਘ

ਆਸੋਸ, ਤੁਰਕੀ

ਸਾਗਰ ਕੰਢੇ ਮੰਦਿਰ
ਸਾਲ ਹਜ਼ਾਰਾਂ ਪਹਿਲਾਂ
ਬੰਦੇ ਬਾਇਆ   ਬੰਦੇ ਢਾਇਆ

ਅਸੀਂ ਉਸਦਾ ਦਾ ਥੇਹ ਦੇਖਣ ਲਈ
ਬੰਦੇ ਦੀ ਤਹਿਜ਼ੀਬ ਨਿਸ਼ਾਨੀ
ਕੋਹ ਹਜ਼ਾਰਾਂ ਝਾਗੇ

ਸਿਖਰ ਦੁਪਹਿਰਾ ਕਾਂ ਅੱਖ ਨਿਕਲੇ
ਲੋਕਾਂ ਨੂੰ ਟੇਕ ਨਹੀਂ ਸੀ
ਤੁਰ ਫਿਰ ਧਰਮ ਕਮਾਉਂਦੇ ਯਾਤਰੂਆਂ ਵਾਲਾ
ਗਲ਼ ਕੈਮਰੇ   ਹੱਥ ਵਿਚ ਫ਼ੋਨ

ਪੱਥਰ ਚਾਰੇ ਪਾਸੇ ਇਨਸਾਨ ਤੋਂ ਵੱਡੇ
ਪੱਥਰਾਂ ਵਿਚ ਉੱਕਰੇ ਸਨ
ਨਕਸ਼ ਪਰਾਣੀ   ਫੁੱਲ ਤੇ ਬੂਟੇ
ਪੱਥਰਾਂ ਵਿੱਚੀਂ ਉੱਗਾ ਘਾਹ ਸੀ
ਖਿੜਿਆ ਫੁੱਲ ਸੀ
ਮੈਂ ਉਸ ਉੱਤੇ ਉੜਦੀ ਤਿਤਲੀ ਦੇਖੀ

ਮੈਂ ਤਿਤਲੀ ਦੇਖੀ
ਸਾਗਰ ਕੰਢੇ ਮੰਦਿਰ ਥੇਹ ਵਿਚ

* ਆਸੋਸ ਤੁਰਕੀ ਦੇ ਦੱਖਣ ਵਿਚ ਹੈ, ਜਿਥੇ ਦੂਜੀ ਈਸਵੀ ਸਦੀ ਪਹਿਲਾਂ ਦੇ ਬਣੇ ਏਥੀਨਾ ਦੇ ਮੰਦਿਰ ਦੇ ਥੇਹ ਦੇਖਣ ਲੋਕ ਵਹੀਰਾਂ ਘਤ ਕੇ ਜਾਂਦੇ ਹਨ। ਇਹ ਅਰਸਤੂ ਦਾ ਸਹੁਰਾ ਸ਼ਹਿਰ ਸੀ। ਉਹ ਏਥੇ ਤਿੰਨ ਸਾਲ ਰਿਹਾ ਤੇ ਜਿਮਨੇਜ਼ੀਅਮ ਵਿਚ ਗਿਆਨ-ਗੋਸ਼ਟਿ ਕਰਦਾ ਰਿਹਾ। ਮੰਦਿਰ ਨੂੰ ਰੋਮਨ, ਬਾਈਜ਼ਨਟੀਨੀ ਤੇ ਮੁਸਲਮਾਨ ਵਾਰੋ-ਵਾਰੀ ਢਾਹੁੰਦੇ ਰਹੇ।

ਘਰ ਆਇਆ ਪਰਦੇਸੀ

ਕਲ੍ਹ ਰਾਤੀਂ
ਦੰਮਾਂ ਦਾ ਲੋਭੀ ਵਿਹੜੇ ਵੜਿਆ
ਦੀਵਾ ਜਗਿਆ   ਭਾਗ ਜਗੇ

ਵਰ੍ਹਿਆਂ ਦਾ ਭੁੱਖਾ ਮਾਹੀ   ਖਾ ਖਾ ਰੱਜਿਆ
ਲੰਮੇ ਪੰਧ ਦਾ ਰਾਹੀ
ਤੱਤਾ ਤੱਤਾ ਦੁੱਧ ਪੀ ਕੇ ਘੂਕ ਸੌਂ ਗਿਆ ਪਾਸਾ ਲੈ ਕੇ

ਅਮ੍ਰਿਤ ਵੇਲੇ ਉੱਠੀ
ਖੂਹ ਵਿਚ ਲੱਜ ਵਗ੍ਹਾਈ
ਇਸ਼ਨਾਨ ਕਰੇਂਦੀ ਰੱਬ ਰੱਬ ਕਰਦੀ
ਪਾਣੀ ਡਿਗਦਾ   ਪਿੰਡਾ ਚੁੰਮਦਾ

ਪੇਟੀ ਚੋਂ ਕਢ ਧੋਤਾ ਝੱਗਾ
ਸਿਰ 'ਤੇ ਲੈ ਕੇ ਟਸਰ ਦੁਪੱਟਾ
ਚੁੱਲ੍ਹੇ ਦੀ   ਚਾਟੀ ਦੀ   ਚੌਂਕੇ ਦੀ ਗੰਧ ਵਿਚ ਲਿਪਟੀ
ਤੁਰ ਪਈ ਸੁੱਖਾਂ ਸੁੱਖਣ   ਰੱਬ ਦੇ ਦੁਆਰੇ

ਅੱਖੀਆਂ ਮੁੰਦ ਕੇ ਦੋ ਕਰ ਜੋੜੇ   ਅਰਜ਼ ਗੁਜ਼ਾਰੀ –
ਬਾਬਾ ਜੀ ਮੇਰੀ ਝੋਲ਼ੀ ਸੱਖਣੀ ਭਰ ਦੇਵੋ

ਰੱਬ ਜੀ ਸੁਣ ਕੇ ਮੁਸਕਾਏ ਨਾਨਕ ਵਾਂਙੂ –
ਅਰਦਾਸ ਤਿਰੀ ਓਦੋਂ ਹੀ ਸੁਣ ਲੀਤੀ ਸੀ
ਜਦ ਤੂੰ ਉਠ ਕੇ ਬਾਰ ਖੋਲ੍ਹਿਆ
ਜਦ ਤੂੰ ਉਸ ਦੇ ਗਲ਼ ਲੱਗੀ ਸੀ
ਜਦ ਦੀਵੇ ਦੀ ਬੱਤੀ ਸੀਖੀ ਕੰਬਦੇ ਹੱਥੀਂ

ਬਾਬੇ ਦੇ ਦਰ ਗਈ   ਬੀਬੀ
ਝੋਲ਼ੀ ਭਰ ਕੇ ਘਰ ਗਈ
ਅੱਜ ਦਿਨੇ

ਪਹਿਲੀ ਜਨਵਰੀ ਸੰਨ 2000 ਈਸਵੀ

ਪੱਗ ਬੰਨ੍ਹ ਕੇ ਨਵਾਂ ਜੁਗ ਚਾੜ੍ਹਿਆ
ਪੁੱਤ ਸਿੱਖ ਦੇ
ਘੜਿਆਲ ਵਜਾਏ ਘੰਟੇ ਕੱਠੇ ਇਕ ਦੋ ॥12॥
ਹਵਾ ਕੰਬ ਗਈ ਨਦੀ ਭੜਕੀ
ਜੈਕਾਰਾ ਛੱਡਿਆ ਸਿੱਖ ਗੁਰੂ ਦੇ
ਧਿਆਨ ਧਰ ਕੇ ਨਵਾਂ ਜੁਗ ਚਾੜ੍ਹਿਆ

ਉਹਦੇ ਸਦਕੇ   ਸਭੋ ਕੁਛ ਜਿਹਦੇ ਸਦਕੇ
ਉਹਦੇ ਅਸ਼ਕੇ   ਜਿਹਨੇ ਅੱਗ ਦਾ ਫੁੱਲ ਖਿੜਾਇਆ
  ਹਵਾ ਦੇ ਵਿਚ ਲਟਕੇ
ਮਿਲ਼ੇ ਵਿਛੜੇ   ਇਕਪਲਕੇ ਅੱਖਾਂ ਭਰ ਕੇ
ਦਿਲ ਨੂੰ ਹੋਰ ਦੁਖਾ ਗਏ   ਐਵੇਂ ਮਰ ਕੇ
ਨਵਾਂ ਜੁਗ ਚਾੜ੍ਹਿਆ ਕਲ਼ੇਜਾ ਕੱਢ ਕੇ
ਨਦੀ ਅੱਗ ਦੀ ਪਾਰ ਕੀਤੀ   ਅਸਾਂ ਤਰ ਕੇ
ਨਵਾਂ ਜੁਗ ਚਾੜ੍ਹਿਆ

ਕੰਢੇ ਵਹਿਣੀ* ਦੇ ਬਾਬੇ ਦਾ ਉਤਾਰਾ ਸੀ
ਸੁੱਖ-ਰਹਿਣੀ ਦੇ
ਖੜ੍ਹੀ ਧੁੰਦ ਸੀ ਖੜ੍ਹਾ ਹਰ ਕੋਈ ਸਾਹ ਬੰਨ੍ਹ ਕੇ

ਉਹਦੀ ਦੀਦ ਸਾਡੀ ਈਦ ਸੀ
ਸਦੀ ਨਵੀਂ ਹੋਈ ਖ਼ੁਸ਼ੀ ਏਨੀ ਹੋਈ
ਲੜ ਖੁੱਲ੍ਹ ਗਏ ਪੱਗ ਦੇ   ਨੱਚ ਨੱਚ ਕੇ
ਨਵਾਂ ਜੁਗ ਚਾੜ੍ਹਿਆ ਨੱਢੀ ਨਾਲ਼ ਦੀ ਦਾ ਮੁੱਖ ਚੁੰਮ ਕੇ
ਨਵਾਂ ਜੁਗ ਚਾੜ੍ਹਿਆ

* ਇਸ ਸਦੀ ਦੇ ਆਗਮਨ ਵੇਲੇ ਟ੍ਰੇਮਜ਼ ਦਰਿਆ ਦੇ ਪੱਤਣਾਂ 'ਤੇ ਜੁੜੀ ਖ਼ਲਕਤ ਵਿਚ ਹਮ ਭੀ ਥੇ।

ਗੁਣਾਚੌਰ

ਗੁਣਾਚੌਰ ਮੈਂ ਕਦੇ ਨਹੀਂ ਗਿਆ
ਕੋਈ ਗੁਣਾਚੌਰ ਦਾ ਨਾਂ ਲੈਂਦਾ ਹੈ
ਤਾਂ ਦਿਲ ਨੂੰ ਕੁਛ ਹੋਣ ਲਗਦਾ ਹੈ
ਮਾਂ ਗੁਣਾਚੌਰ ਰਹਿੰਦੇ ਅਪਣੇ ਰਿਸ਼ਤੇਦਾਰਾਂ
ਦੀਆਂ ਗੱਲਾਂ ਕਰਦੀ ਹੁੰਦੀ ਸੀ
ਮੈਂ ਉਹਦੇ ਖੰਭਾਂ 'ਤੇ ਬੈਠ ਗੁਣਾਚੌਰ ਚਲੇ ਜਾਣਾ

ਓਦੋਂ ਲਗਦਾ ਸੀ –
ਗੁਣਾਚੌਰ ਕੋਈ ਜਗ੍ਹਾ ਹੈ
ਜਲੰਧਰ ਦੇ ਪਰ੍ਹੇ ਨਵੇਂ ਸ਼ਹਿਰ ਲਾਗੇ
ਨ੍ਹੇਰੇ ਵਿਚ ਕੋਈ ਬੱਤੀ ਹੈ ਜਗਦੀ-ਬੁੱਝਦੀ
ਮੈਂ ਰਿਸ਼ਤੇਦਾਰਾਂ ਦਾ ਸੋਚਦਾ ਜੋ ਕਦੇ ਮਿਲ਼ੇ ਨਹੀਂ

ਅੱਜ ਵੀ ਉਹ ਥਾਂ ਬਹੁਤੀ ਦੂਰ ਨਹੀਂ
ਨੇੜੇ ਹੀ ਹੈ ਬਹੁਤ ਨੇੜੇ
ਮੈਂ ਜਿਥੇ ਵੀ ਹੁੰਦਾ ਹਾਂ
ਓਤੇ ਹੀ ਹੁੰਦੀ ਹੈ ਮਾਂ
ਓਤੇ ਹੀ ਹੁੰਦਾ ਹੈ ਗੁਣਾਚੌਰ

ਕਾਲ ਦਾ ਅਭਿਆਸ

ਤੁਸੀਂ ਏਥੇ ਕਿੰਨਾ ਚਿਰ ਰਹੋਗੇ?

ਇਹ ਭਵਿਖ ਕਾਲ ਹੈ
ਵਰਤਮਾਨ ਵਿਚ ਹੋ ਰਿਹਾ
ਹੋਣ ਦਾ ਮਤਲਬ ਹੈ –
ਜੋ ਘਟ ਰਿਹਾ ਹੈ ਘਟਦਾ ਹੈ   ਘਟ ਜਾਣਾ ਹੈ

ਤੁਸੀਂ ਰਹੋਗੇ
ਗੇ ਭਵਿਖ ਕਾਲ ਹੈ
ਅਗਲਾ ਪਲ ਜਾਂ ਅਗਲੀ ਸਦੀ
ਰਹੋਗੇ ਦੀ ਜੜ੍ਹ ਹੈ – ਰਹਿ
ਰਹਿ ਦਾ ਮਤਲਬ – ਜੀਵਨ ਹੈ   ਜੀਉਂਦੇ ਰਹਿਣਾ ਮਰਨਾ ਨਾ

ਤੁਸੀਂ ਜੋ ਅਪਣਾ ਘਰ ਛੱਡ ਕੇ ਆਏ ਹੋ
ਏਥੇ ਕਿੰਨਾ ਚਿਰ ਕਿਹੜੇ ਜਿਗਰੇ ਨਾਲ਼ ਰਹੋਗੇ?
ਘੜੀ ਪਲ   ਹਫ਼ਤਾ   ਕਿੰਨੇ ਕੁ ਸਾਲ?

ਤੁਸੀਂ ਜਿੰਨੀ ਦੇਰ ਮਰਜ਼ੀ ਰਹੋ
ਜਾਣ ਲੱਗੇ ਬੂਹੇ ਬਾਰੀਆਂ ਚੰਗੀ ਤਰ੍ਹਾਂ ਦੇਖ ਕੇ ਜਾਣਾ
– ਪਿੱਛੇ ਕੁਛ ਰਹਿ ਤਾਂ ਨਹੀਂ ਗਿਆ?

ਇਸ ਵਾਕ ਦੀਆਂ ਕ੍ਰਿਆਵਾਂ ਦਾ ਅਭਿਆਸ ਫੇਰ ਕਰਾਂਗੇ –

ਤੁਸੀਂ ਆਉਂਦੇ ਜਾਂਦੇ   ਲੰਘਦੇ   ਵੜਦੇ
ਉੱਠਦੇ ਬਹਿੰਦੇ   ਮਿਲ਼ਦੇ ਗਿਲ਼ਦੇ ਰਿਹਾ ਕਰੋ

ਯਾਦਾਂ ਦੀ ਨਕਸ਼ਾਨਵੀਸੀ

ਫ਼ਰਜ਼ ਕਰੋ ਇਹ ਕਾਗ਼ਜ਼ ਹੈ
ਦੇਖੋ ਗਹੁ ਨਾ' ਚਿਤਵੋ ਇਹ ਧਰਤੀ ਦਾ ਨਕਸ਼ਾ ਹੈ
ਦੇਖੋ ਤੁਹਾਡੇ ਦਿਲ ਦੀ ਸੂਈ ਮਿਕਨਾਤੀਸੀ
ਕਿਸ ਥਾਂ ਪਰ ਜਾ ਕਰ ਰੁਕਦੀ ਹੈ।
ਹਾਂ ਇਥੇ ਹੀ ਹੈ ਉਹ ਬਸਤੀ ਜਿਸ ਥਾਂ ਨੂੰ ਤਰਸਦਿਆਂ ਉਮਰਾ ਬੀਤ ਗਈ

ਇਸ ਨੁਕਤੇ ਨੂੰ ਪੋਟੇ ਨਾਲ਼ ਛੁਹਾਵੋ ਸਹਿਜ ਮਲਕੜੇ
ਦੇਖੋ ਇਹ ਨਬਜ਼ ਦੇ ਵਾਂਙੂ ਧੜਕ ਰਿਹਾ।
ਲਾਂਦੇ ਜਾਵੋ ਨੁਕਤਾ-ਦਰ-ਨੁਕਤਾ
ਬਣਦੀ ਜਾਂਦੀ ਰੇਖਾ
ਜੁੜਦਾ ਜਾਂਦਾ ਕੱਪਿਆ ਨਾੜੂ

ਇਹੋ ਨੁਕਤਾ ਨਕਸ਼ਾ ਹੈ ਇਹੋ ਥਾਂ ਹੈ ਯਾਦਾਂ ਦੀ
ਕੋਈ ਜ਼ਖ਼ਮ ਨਿਸ਼ਾਨੀ
ਇਹ ਬਿੰਦੂ ਹੈ ਜਗਮਗ ਜਗਮਗ ਕਰਦਾ ਕਾਗ਼ਜ਼ ਉੱਤੇ
ਜਿਥੇ ਤੇਰੀ ਪਿਛਲ ਯਾਤਰਾ ਜਾ ਕੇ ਮੁੱਕਦੀ
ਪਰਦੇਸੀ ਆਖ਼ਿਰ ਅਪਣੇ ਘਰ ਪੁੱਜਾ ਹੈ॥

ਅੰਤਿਕਾ

John Berger

MIGRANT WORDS

In a pocket of earth
I buried all the accents
of my mother tongue

there they lie
like needles of pine
Assembled by ants

One day the stumbling cry
of another wanderer
may set them alight
then warm and comforted
he will hear all night
the truth as lullaby

ਜੌਨ੍ਹ ਬਰਜਰ

ਪਰਦੇਸੀ ਬੋਲ

ਧਰਤੀ ਦੀ ਇਕ ਨੁੱਕਰੇ ਇਕਲਵਾਂਝੇ
ਮੈਂ ਦੱਬ ਛੱਡਿਆ ਹਰ ਬੋਲ ਹਰ ਸੁਰ
ਅਪਣੀ ਮਾਂ-ਬੋਲੀ ਦਾ

ਓਥੇ ਓਹ ਪਈਆਂ ਹਨ
ਜਿਕਣ ਚੀਲਾਰੂ* ਦੀਆਂ ਸੂਈਆਂ
ਕੀੜੀਆਂ ਕੱਠੀਆਂ ਕੀਤੀਆਂ ਕਰਕੇ ਤਿਣਕਾ ਤਿਣਕਾ

ਇਕ ਦਿਨ ਮੇਰੇ ਵਰਗਾ ਪਾਂਧੀ ਕਿਤਿਓਂ ਆਉਣਾ
ਓਸਦੇ ਉੱਭੇ ਸਾਹ ਹਟਕੋਰੇ ਸੁਣ ਕੇ
ਦੱਬੇ ਸੁਰ ਮਚਣ ਲਗ ਜਾਵਣਗੇ

ਨਿੱਘੀ ਮਾਂ ਦੀ ਬੁੱਕਲ਼ ਵਿਚ ਜਿਉਂ
ਸਾਰੀ ਰਾਤ ਉਹਦੇ ਕੰਨੀਂ ਪੈਣਾ
ਸੱਚ ਮਾਂ-ਬੋਲੀ ਦਾ ਲੋਰੀ ਵਰਗਾ

* ਚੀਲ੍ਹ ਦੇ ਰੁੱਖ ਦਾ ਫ਼ਲ

ਹਾਂ, ਨਹੀਂ ਹਾਂ

ਹੋਣਾ Being ਵਜੂਦੀ ਮਸਲਾ ਹੈ। ਬਸਤੀਵਾਦੀ ਇਤਿਹਾਸ ਵਾਲ਼ੇ ਅਖੌਤੀ ਪਰਦੇਸ ਵਿਚ ਰਹਿੰਦਿਆਂ ਘਸੇ-ਪਿਟੇ ਲਫ਼ਜ਼ਾਂ ਨਾਲ਼ ਅੰਗਰੇਜ਼ੀ ਵਾਲ਼ੀ ਛੋਟੀ b ਵਾਲ਼ੀ Being ਨੂੰ ਬਿਆਨ ਕਰਨਾ ਕੋਈ ਔਖਾ ਨਹੀਂ। 'ਜਲਾਵਤਨੀ' ਲਫ਼ਜ਼ ਲੇਖਕਾਂ, ਕਲਾਕਾਰਾਂ ਤੇ ਸਿਆਸੀ ਕਾਰਕੁੰਨਾਂ ਦਾ ਚਹੇਤਾ ਲਫ਼ਜ਼ ਹੈ। ਇਥੇ ਹੋਣਾ ਮੇਰੀ ਮਜਬੂਰੀ ਹੈ। ਉਂਜ ਬੰਦਾ ਹਰ ਥਾਂ ਜਲਾਵਤਨ ਹੀ ਹੁੰਦਾ ਹੈ। ਇਹ ਉਹਦੀ ਹੋਣੀ ਹੈ। ਬੰਦੇ ਦਾ ਅਸਲ ਘਰ ਉਹ ਹੁੰਦਾ ਹੈ, ਜਿਥੇ ਉਹਦਾ ਮਾਣ ਹੋਏ; ਜਿਥੇ ਉਹਦੀ ਆਸ ਬਣੀ ਰਹੇ ਜਾਂ ਜਿਥੇ ਉਹ ਨਾਬਰ ਹੋ ਸਕੇ। ਸ਼ਾਇਰ ਹੋਣ ਕਰਕੇ ਨਾਬਰ ਹੋ ਸਕਣਾ ਤਾਂ ਮੇਰੇ ਵੱਸ ਦੀ ਗੱਲ ਹੈ। ਨਸਲਵਾਦ ਤੇ ਵਿਜੋਗ (ਏਲੀਏਨੇਸ਼ਨ) ਵਰਗੇ ਲਫ਼ਜ਼ ਮੇਰੀ ਤੇ ਹੋਰਨਾਂ ਰੰਗਦਾਰ ਲੋਕਾਂ ਦੀ ਸਮਾਜੀਅਤ ਨੂੰ ਬੜੀ ਸੌਖੀ ਤਰ੍ਹਾਂ ਬਿਆਨ ਕਰ ਦਿੰਦੇ ਹਨ। ਪਰ ਹੁਣ ਇਨ੍ਹਾਂ ਲਫ਼ਜ਼ਾਂ ਦਾ ਮੇਰੇ ਲਈ ਉਹ ਮਤਲਬ ਨਹੀਂ ਰਿਹਾ, ਜੋ ਕੁਝ ਸਾਲ ਪਹਿਲਾਂ ਹੁੰਦਾ-ਹੁੰਦਾ ਸੀ। ਜੇ ਅੱਜ ਮੈਂ ਅਪਣੇ 'ਘਰ' ਪੰਜਾਬ ਚ ਹੁੰਦਾ, ਤਾਂ ਓਤੇ ਵੀ ਮੈਂ ਵਿਜੋਗਿਆ ਤੇ ਖੂੰਜੇ ਲੱਗਾ ਹੋਣਾ ਸੀ। ਮੈਂ ਬੀਤੇ ਸਮੇਂ ਨੂੰ ਕਦੇ ਨਹੀਂ ਝੂਰਦਾ। ਇਹਨੇ ਮੈਨੂੰ ਦੁੱਖ ਹੀ ਦਿੱਤਾ ਹੈ। ਹਰ ਭਾਰਤੀ ਦੇ ਮਨ ਵਿਚ ਇਹ ਗੱਲ ਅਚੇਤ ਹੀ ਵੱਸੀ ਹੁੰਦੀ ਹੈ ਕਿ ਇਕ ਦਿਨ ਮੈਂ ਘਰ ਮੁੜ ਜਾਣਾ ਹੈ। ਆਗਿਆਕਾਰ ਪੁਤਰ ਰਾਮ ਰਾਮਚੰਦਰ ਬਣਵਾਸ ਕੱਟ ਕੇ ਇਕ ਦਿਨ ਘਰ ਮੁੜ ਆਏ ਸਨ, ਤਾਂ ਲੋਕਾਂ ਘਿਓ ਦੇ ਦੀਵੇ ਬਾਲ਼ੇ ਸਨ। ਗੁਰੂ ਬਾਬਾ ਨਾਨਕ ਗਿਆਨ ਦੀ ਭਾਲ਼ ਵਿਚ ਘਰੋਂ ਚਾਰ ਵਾਰ ਉਦਾਸੀਆਂ 'ਤੇ ਗਏ ਤੇ ਘਰ ਮੁੜ ਆਉਂਦੇ ਰਹੇ। ਮੈਂ ਇਥੇ ਰਘੁਕੁਲ ਰੀਤ ਨਿਭਾਉਣ ਨਹੀਂ ਆਇਆ ਤੇ ਨਾ ਹੀ ਗਿਆਨ ਦੀ ਭਾਲ਼ ਵਿਚ। ਮੈਂ ਮੁੜ ਕੇ ਨਹੀਂ ਜਾਣਾ। ਜਿਵੇਂ ਬੱਚਿਆਂ ਦੀ ਵੀਡੀਓ ਖੇਡ ਵਿਚ ਹੁੰਦਾ ਹੈ – ਕੋਈ ਅਣਜਾਣ ਮੈਨੂੰ ਯਾਦਾਂ ਦੇ ਰਾਹ ਪਾ ਦਿੰਦਾ ਹੈ। ਰਸਤੇ ਵਿਚ ਮੈਂ ਡਿਗ ਕੇ ਚਕਨਾਚੂਰ ਹੋ ਜਾਂਦਾ ਹਾਂ। ਮੈਂ ਆਪਾ ਸਮੇਟਦਾ ਹਾਂ। ਸਗਲ-ਸਬੂਤਾ ਹੋ ਕੇ ਫੇਰ ਤੁਰਨ ਲਗਦਾ ਹਾਂ ਤੇ ਫੇਰ ਮੈਨੂੰ ਕੋਈ ਖੇਰੂੰ-ਖੇਰੂੰ ਕਰ ਦਿੰਦਾ ਹੈ। ਇਹ ਹੋਣ ਨਾ-ਹੋਣ ਦਾ ਚਕ੍ਰ ਕਦੇ ਨਹੀਂ ਮੁੱਕਦਾ ਤੇ ਨਾ ਮੈਨੂੰ ਪਤਾ ਲਗਦਾ ਹੈ, ਉਹ ਕੌਣ ਹੈ, ਜੋ ਮੈਨੂੰ ਖੇਡ ਰਿਹਾ ਹੈ।

ਮੈਂ ਪੰਜਾਬੀ ਵਿਚ ਸੋਚਦਾ ਹਾਂ, ਪੰਜਾਬੀ ਵਿਚ ਮੇਰਾ ਦਿਲ ਧੜਕਦਾ ਹੈ ਤੇ ਸੁਪਨੇ ਵੀ ਮੈਨੂੰ ਪੰਜਾਬੀ ਵਿਚ ਹੀ ਆਉਂਦੇ ਹਨ। ਫ਼ਰਾਇਡ ਆਖਦਾ ਹੈ ਕਿ ਕੋਈ ਮੁੜ ਕੇ ਕੁੱਖ ਵਿਚ ਨਹੀਂ ਜਾ ਸਕਦਾ। ਕੋਈ ਹੋਰ ਗੱਲ ਕਰਦਿਆਂ ਜੌਨ੍ਹ ਬਰਜਰ

ਆਖਦਾ ਹੈ ਕਿ ਦੇਸ ਵਾਪਸੀ ਤਾਂ ਵਹਮ ਹੀ ਹੁੰਦੀ ਹੈ। ਮੈਨੂੰ ਹਾਲੇ ਵੀ ਪੰਜਾਬੀ ਦੇ ਕੁਝ ਲਫ਼ਜ਼ਾਂ ਨਾਲ਼ ਮੋਹ ਹੈ ਤੇ ਲਫ਼ਜ਼ ਮਾਂ-ਬੋਲੀ ਮੇਰੇ ਬਹੁਤ ਨੇੜੇ ਹੈ। ਮੇਰੀ ਕਵਿਤਾ ਗਵਾਹ ਹੈ ਕਿ ਵਾਪਸੀ ਵਹਿਮ ਨਹੀਂ ਤੇ ਮਾਂ-ਬੋਲੀ ਮੈਨੂੰ ਅਪਣੀ ਮਾਂ ਦੀ ਕੱਛ ਲਗਦੀ ਹੈ, ਜਿਥੇ ਮੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ। ਪਰ ਜਿਸ ਅੰਗਰੇਜ਼ੀ ਬੋਲੀ ਵਿਚ ਮੇਰੇ ਬੱਚੇ ਮੇਰੇ ਨਾਲ਼ ਗੱਲਾਂ ਕਰਦੇ ਹਨ; ਜਿਸ ਬੋਲੀ ਨਾਲ਼ ਮੇਰਾ ਰੁਜ਼ਗਾਰ ਚਲਦਾ ਹੈ, ਉਹਦਾ ਸਿਰਫ਼ ਇੱਕੋ ਲਫ਼ਜ਼ ਟੈਲੀਫ਼ੋਨ ਮੇਰੇ ਬਹੁਤ ਨੇੜੇ ਹੈ। ਇਹ ਜਾਣ ਕੇ ਮੈਨੂੰ ਬੜਾ ਦੁੱਖ ਹੋਇਆ। ਮੇਰੇ ਬੱਚੇ ਮੇਰੇ ਪਿਤਰਾਂ ਦੀ ਬੋਲੀ ਨਹੀਂ ਬੋਲਦੇ, ਇਸ ਤੋਂ ਵੱਡਾ ਕਹਿਰ ਹੋਰ ਕੀ ਵਾਪਰਨਾ ਹੈ। ਇਹ ਇਥੇ ਹੋਣ ਦਾ ਡੰਨ ਹੈ, ਜੋ ਮੈਂ ਤਾਰ ਰਿਹਾ ਹਾਂ। ਮੈਂ ਤਾਂ ਇਥੇ ਸੁੱਖ ਲਭਣ ਆਇਆ ਸੀ। ਮਾਂ ਬੋਲੀ ਦੀ ਗੱਲ ਵੀ ਕਿਹੜੀ ਐਨੀ ਸੌਖੀ ਹੈ। ਮੇਰੀਆਂ ਹੁਣ ਦੀਆਂ ਬਹੁਤੀਆਂ ਕਵਿਤਾਵਾਂ ਯਾਦਾਂ ਬਾਰੇ ਹਨ। ਪਰ ਯਾਦ ਕੀ ਹੁੰਦੀ ਹੈ? ਹੌਲ਼ੀ-ਹੌਲ਼ੀ ਹਿੱਲਦੀ ਜਾਂਦੀ ਤਸਵੀਰ, ਜੋ ਅਪਣੇ ਆਪ ਅੱਖਾਂ ਅੱਗੇ ਆ ਜਾਂਦੀ ਹੈ, ਜਾਂ ਅਸੀਂ ਕਰ ਲੈਂਦੇ ਹਾਂ। ਹਰ ਸ਼ੈਅ ਯਾਦ ਵਿਚ ਬੱਝੀ ਹੋਈ ਹੈ, ਭਾਸ਼ਾ ਵੀ। ਧ੍ਵਨੀ ਯਾਨੀ ਭਾਸ਼ਕ ਸੰਕੇਤਾਂ ਨਾਲ਼ ਯਾਦ ਬਣਦੀ ਹੈ। ਜੇ ਮੈਨੂੰ ਅਪਣੀਆਂ ਯਾਦਾਂ ਦਾ ਕੋਈ ਸੁੱਖ ਨਹੀਂ, ਤਾਂ ਮਾਂ ਬੋਲੀ ਦਾ ਵੀ ਮੈਨੂੰ ਕੀ ਆਸਰਾ ਹੈ? ਮੇਰੀ ਕੋਈ ਨਵੀਂ ਕਵਿਤਾ ਹੈ ਕਿ ਮੈਂ ਬੋਲੀ ਤੋਂ ਪਾਰ ਚਲਿਆ ਜਾਵਾਂ ਤੇ ਮੁਕਤ ਹੋ ਕੇ ਸਦਾ-ਸਦਾ ਲਈ ਚੁੱਪ ਕਰ ਜਾਵਾਂ। ਪਰ ਇੰਜ ਤਾਂ ਹੋਣਾ ਨਹੀਂ। ਯਾਦਾਂ ਤੋਂ ਮੁਕਤੀ ਨਹੀਂ ਮਿਲ਼ ਸਕਦੀ। ਇਥੇ ਵੀ ਮੇਰੀ ਮਰਜ਼ੀ ਨਹੀਂ ਚਲਣੀ।

(1993 ਵਿਚ ਲੰਦਨ ਵਿਚ ਅੰਗਰੇਜ਼ੀ ਚ ਛਪੇ ਮੇਰੇ ਕਾਵਿ-ਸੰਗ੍ਰਹਿ Being Here ਦੀ ਅੰਤਿਕਾ)

Inhabiting two planets

The history of the unequal relationship between English and Punjabi goes back to the early 19th century, when William Carey, a shoe-maker turned Baptist, published a 99-page A Grammar of Punjabi Language in 1812 in Calcutta, then the capital of British India. In 1849 the East India Company's army occupied the sovereign state of the Punjab, the land of my ancestors. The Punjab came under the control of the British Crown government in 1858. Seven years earlier John Newton of the Ludhiana Christian Mission in eastern Punjab had published the first-ever Punjabi translation of the New Testament titled Anjeel [after French – Evengile] along with a new Grammar of the Punjabi Language. The three-pronged process of politics, religion and linguistics was in full swing, though the African formula of the Bible and the Land had not been charted exactly in India. The religious conversion was negligible and the linguistic one was enormous. The British left India in 1947 dismembering the Punjab, but English still rules there; so much so that the Punjabi syntax, now mirroring the English sentence structure, is changed forever.

With the steam rail engine came the drivers of the colonial locomotive full with a new class of western-oriented Indian gentlemen, better known as baboos. Careerists – the offspring of Lord Macaulay's agenda of educating Indians to craft a nation of petty clerks – soon learnt to take pride in attaining glibness in English. [Lord Macaulay had put on record his deliberate opinion that "a single shelf of a good European library was worth the whole native literature of India." The Essays of Lord Macaulay, William Heinemann, 1908.] All school children of future generations were made

to cram Shakespeare's sonnet True Love, Wordsworth's Daffodils and Shelley's Ozymandias ignoring their own linguistic and literary heritage. The loss was total.

There was a blessing in disguise though. Thanks to English, a window to the world knowledge opened. The Punjabis studying abroad in the universities of Oxford, Cambridge, London and California established contact and interaction with Western thought. In the early 20th century Puran Singh (1881-1931), the poet, was writing on Nietzsche in Punjabi; Kahan Singh (1861-1938), the great lexicographer, was collaborating with Macauliffe (1837-1913), on the English translation of the Sikh scriptures for his 6-volume magnum opus The Sikh Religion; Dharam Anant [Singh], the Greek and Sanskrit scholar, worked on Plato, and Santokh Singh (1892-1927) introduced Marx in Punjabi. Three collections of Puran Singh's poetry, and Dharam Anant's treatise on Plato and Sikhism were published in London by JM Dent and Luzac. Mulk Raj Anand moved in the Bloomsbury literary group. Khushwant Singh, Ved Mehta and Zulfikar Ghose made their mark on English literature in the later half of the last century.

II

In this sundry background of gain and loss, I started writing at the young age of 20 in my own language Punjabi, which I had learnt simultaneously with English. I cut my literary teeth in a real Punjabi milieu. My father – a carpenter turned photographer and communist trade unionist, wrote poetry as well. My mother was illiterate. So my home language remained unadulterated.

I rarely write in English. The ones I did were for my loved ones who did not know my language. When I translate such poems into Punjabi, I put the appendage sheepishly– 'translated from English'. Of course Punjabi is my mother language. I think, feel and dream in it. I live in it and I will die in it. No wonder, working with English poets, I could translate only one fourth of my original poems into English. Kundera, in his novel Testaments Betrayed, sympathises and bemoans Leoš Janácek's determination to

write his operas in Czech thus limiting his audience. I feel that I am of his tribe.

The word for 'translation' in Punjabi is anuvād. It is derived from Sanskrit. Anu meaning, which follows, close, near, corresponding at the same time, and vād is the idea behind a sound. The sound is uttered word. The written word is silent. The poetic creative process can be defined in so many ways. Maybe the idea underlying the word anuvād equally applies to the birth of a poem. Here an imagined reality takes shape into words.

Perhaps my most recent poem written in English could relate that experience.

TO FATHER

As you taught me to write the first letter
of Gurmukhi – the Punjabi script
holding my nervous hand in yours
You taught me to hold the camera
to focus on faces in the pupil of the eye
and to press the button holding my breath

As if it were a gun
loaded with bullets of life.

Where are you now father?
Can you take some time off from death?

I'd like to take my self-portrait sitting next to you
with a glint in my eyes.
Remember that photograph you took with the self-timer
of us together many years ago
You holding me cheek to cheek?

The photograph doesn't show the lump in your throat.

We'll exchange pictures I have taken
of faces you haven't seen
and of places you never visited
and you can show me yours taken in the valley of the dead.

I was at the launch of the book of poems The Eastern Boroughs by John Welch at his place in Hackney. John introduced me to Libby Hall, a friend of John Berger, saying that I was the greatest fan of him. I could not agree and said – there must be many admirers like me. Unlike other gatherings I felt at ease and talked with Libby about John. She mentioned a recent unpublished essay of his about his father. I had never read any such essay on his father. Lost in my thoughts I picked up some words uttered by Libby like John whispering to the faded ink of his father's writing. It was too moving. I left early. On my way to Rectory Road Station the above poem was taking shape. I sat on the bench and started scribbling. While writing I was wondering why I was talking to my father in English? Maybe because Berger had inspired it; maybe because there were some words and images founded on my father's skills in photography that may have sounded bizarre in Punjabi. I was breaking bread with the dead as Auden said about writing.

I sent the poem to Berger. He wrote back: I find your poem so beautiful – like an avenue in a city I was wanting to reach. Thank you for it. And tell your father I thank him.

Reading these words from my murshid spiritual guide, I felt reassured that it had worked in English – the akhand sphota – undivided intuitive perception of the whole meaning – as postulated by Bhartrhari, the great Sanskrit linguist of 5-6 century AD.

[Modern Poetry in Translation, Third Series Number Four, 2005

London my poetic muse

London means a lot to me. I have spent half of my life here in self-exile, more than that I spent in my homeland. I have worked here making an honest living without fear. It is the birthplace of my son and grandson. I have loved and lost in this city. I have marched on its streets in many a demonstration. Deep in my solitude I came closer to my mother language. It has inspired many poems I scribbled on pieces of paper travelling in the Tube and walking the streets. A few of them have been translated into English, one being The Peacock in Walpole Park Ealing. That peacock is me.

My London is a small cave in a corner of planet earth. I have never been on the London Eye, but I wrote a poem imagining riding it even before it was formally opened to the public. The poem has imagery like this: Over there we sat on a bench wondering together. In that back garden a new flower blossomed on my family tree. Those roads there showed the way to me – a lost outsider. There lies my murshid –teacher– awake in his perpetual dream. This refers to Marx.

It is hard to personify London, but its image lurks in the eye of my mind. When I address it in my poems, I think I talk to myself reminiscing past associations. After all these years I still find it a familiar stranger. Going by Samuel Johnson's oft-quoted words I hope I will never be tired of London; though I find life here a bit unbearable some times.

How I have yearned this city could be mine
These roads
These rain-soaked lights
could hide me in their arms
and I could forget my past.

It is heartening to note that now Punjabis have started immersing their ashes in the Thames. With me, Punjabi, the language of my ancestors, will be dead forever as my sons do not speak it. I can imagine it dissolving in the water flowing hurriedly towards the ocean.

[Literary London, 2009

[illegible] will be dead [illegible]
[illegible]

[illegible] the way to [illegible] [illegible] awake in the perpetual dream. Thus [illegible]

[illegible] though I find life here a bit unbearable some times.



ਅਮਰਜੀਤ ਚੰਦਨ ਪੰਜਾਬੀ ਦਾ ਵਿਰਲਾ ਕਵੀ ਹੈ, ਜਿਹੜਾ ਸ਼ਬਦਾਂ ਨੂੰ ਭੀਲਣੀ ਵਾਂਙ ਚਖ-ਚਖ ਕੇ ਵਰਤਦਾ ਹੈ. ਇਹਦੀ ਕਵਿਤਾ ਬਾਬੁੜ ਕੇ ਨਹੀਂ ਬੋਲਦੀ. ਇਹਦੀ ਆਵਾਜ਼ ਦੇ ਦੋ ਉਘੜਵੇਂ ਲੱਛਣ ਹਨ: ਸੰਜਮ ਤੇ ਸੈਨਤ. ਇਹ ਸ਼ਬਦ ਤੇ ਅੱਖ ਦੋਹਾਂ ਨਾਲ ਕਵਿਤਾ ਲਿਖਦਾ ਹੈ. ਇਹਦੀ ਕਵਿਤਾ ਦੀ ਸ਼ਕਤੀ ਤੇ ਸੁਹਜ ਇਸ ਅੰਤਰ-ਝਾਤ ਵਿਚ ਹੈ.

- ਨਵਤੇਜ ਭਾਰਤੀ

ਸਰਵਰਕ ਦੀ ਤਸਵੀਰ:
ਗੋਪਾਲ ਸਿੰਘ ਪਿਤਾ ਅਮਰਜੀਤ ਚੰਦਨ
ਨੈਰੋਬੀ ਕੀਨੀਆ, 1929.
ਫ਼ੋਟੋਕਾਰ: ਯੂ ਐੱਨ ਪਟੇਲ